# ਤੁਹਾਡੀ ਹਿਫਾਜ਼ਤ ਲਈ

## ਪੀਸ ਬੌਂਡ ਅਤੇ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ

**For Your Protection**

Peace Bonds and Family Law Protection Orders



ਸਬੰਧਾਂ ਵਿਚਲੇ ਉਨ੍ਹਾਂ ਲੋਕਾਂ ਲਈ ਜਾਣਕਾਰੀ
ਜਿਨ੍ਹਾਂ ਨੂੰ ਹਿੰਸਾ ਜਾਂ ਹਿੰਸਾ ਦੇ ਖਤਰੇ ਤੋਂ
ਹਿਫਾਜ਼ਤ ਦੀ ਲੋੜ ਹੈ।

October 2017

**Punjabi**

British Columbia

Legal Services Society
British Columbia
www.legalaid.bc.ca

© 2017 ਮਨਿਸਟਰੀ ਔਫ ਪਬਲਿਕ ਸੇਫਟੀ ਐਂਡ ਸੋਲਿਸਟਰ ਜਨਰਲ, ਵਿਕਟਿਮ ਸਰਵਿਸਿਜ਼ ਐਂਡ ਕਰਾਇਮ ਪ੍ਰੀਵੈਨਸ਼ਨ ਡਿਵੀਜ਼ਨ, ਅਤੇ ਲੀਗਲ ਸਰਵਿਸਿਜ਼ ਸੁਸਾਇਟੀ, ਬੀ ਸੀ

ਚੌਥਾ ਅਡੀਸ਼ਨ: ਅਕਤੂਬਰ 2017
ਪਹਿਲਾ ਅਡੀਸ਼ਨ: ਨਵੰਬਰ 1999

ISSN 2291-4595 (Print)
ISSN 2291-4609 (Online)

## ਮਾਨਤਾ

ਸੰਪਾਦਕ: Judy Clarke
ਗ੍ਰਾਫਿਕ ਡਿਜ਼ਾਈਨਰ: Danette Byatt ਅਤੇ Ana Agner
ਤਿਆਰੀ ਵਿਚ ਕੋਆਰਡੀਨੇਟਰ: Patricia Lim
ਕਾਨੂੰਨੀ ਰਿਵੀਊਕਾਰ: Salima Samnani
ਰਿਵੀਊਕਾਰ: Steve Lauer, Erin Smith, Alvin Lau, Elise Handley, Steve Ford, ਅਤੇ Debbie Granger.
ਅਨੁਵਾਦਕ: Gurmail Rai

ਇਸ ਕਿਤਾਬਚੇ ਦੀ ਵਪਾਰਕ ਖਿਆਲ ਤੋਂ ਕਾਪੀ ਕਰਨ ਦੀ ਮਨਾਹੀ ਹੈ, ਪਰ ਹੋਰ ਮੰਤਵਾਂ ਲਈ ਮਾਨਤਾ ਦੇ ਕੇ ਕਾਪੀ ਕਰਨ ਨੂੰ ਉਤਸ਼ਾਹ ਦਿੱਤਾ ਜਾਂਦਾ ਹੈ।

ਚੌਥੇ ਅਡੀਸ਼ਨ ਲਈ ਫੰਡ ਮਨਿਸਟਰੀ ਔਫ ਪਬਲਿਕ ਸੇਫਟੀ ਐਂਡ ਸੋਲਿਸਟਰ ਜਨਰਲ ਅਤੇ ਲੀਗਲ ਸਰਵਿਸਿਜ਼ ਸੁਸਾਇਟੀ ਵਲੋਂ ਦਿੱਤੇ ਗਏ ਸਨ। ***ਤੁਹਾਡੀ ਹਿਫਾਜ਼ਤ ਲਈ: ਪੀਸ ਬੌਂਡ ਅਤੇ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ*** ਮਨਿਸਟਰੀ ਔਫ ਪਬਲਿਕ ਸੇਫਟੀ ਐਂਡ ਸੋਲਿਸਟਰ ਜਨਰਲ ਅਤੇ ਲੀਗਲ ਸਰਵਿਸਿਜ਼ ਸੁਸਾਇਟੀ (ਐੱਲ ਐੱਸ ਐੱਸ) ਦੀ ਇਕ ਸਾਂਝੀ ਲਿਖਤ ਹੈ, ਜੋ ਕਿ ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀ ਇਕ ਸੰਸਥਾ ਹੈ ਜਿਹੜੀ ਬ੍ਰਿਟਿਸ਼ ਕੋਲੰਬੀਅਨਾਂ ਨੂੰ ਲੀਗਲ ਏਡ (ਕਾਨੂੰਨੀ ਮਦਦ) ਪ੍ਰਦਾਨ ਕਰਦੀ ਹੈ। ਐੱਲ ਐੱਸ ਐੱਸ, ਫੰਡਾਂ ਦੇ ਆਪਣੇ ਮੁੱਖ ਸ੍ਰੋਤ ਬੀ ਸੀ ਸਰਕਾਰ ਤੋਂ ਆਜ਼ਾਦ ਹੈ। ਇਸ ਨੂੰ ਲਾਅ ਫਾਉਂਡੇਸ਼ਨ ਅਤੇ ਨੋਟਰੀ ਫਾਉਂਡੇਸ਼ਨ (ਔਫ ਬੀ ਸੀ) ਤੋਂ ਵੀ ਗਰਾਂਟਾਂ ਮਿਲਦੀਆਂ ਹਨ।

ਇਹ ਕਿਤਾਬਚਾ ਕਾਨੂੰਨ ਬਾਰੇ ਆਮ ਜਾਣਕਾਰੀ ਦਿੰਦਾ ਹੈ। ਇਹ ਤੁਹਾਡੀ ਕਿਸੇ ਖਾਸ ਸਮੱਸਿਆ ਬਾਰੇ ਕਾਨੂੰਨੀ ਸਲਾਹ ਦੇਣ ਲਈ ਨਹੀਂ ਹੈ। ਹਰ ਵਿਅਕਤੀ ਦਾ ਕੇਸ ਕਿਉਂਕਿ ਵੱਖਰਾ ਹੁੰਦਾ ਹੈ, ਇਸ ਕਰਕੇ ਤੁਹਾਨੂੰ ਕਾਨੂੰਨੀ ਸਹਾਇਤਾ ਲੈਣ ਦੀ ਲੋੜ ਹੋ ਸਕਦੀ ਹੈ। ***ਤੁਹਾਡੀ ਹਿਫਾਜ਼ਤ ਲਈ: ਪੀਸ ਬੌਂਡ ਅਤੇ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ*** ਵਿਚਲੀ ਜਾਣਕਾਰੀ ਅਕਤੂਬਰ 2017 ਤੱਕ ਦੀ ਨਵੀਂ ਜਾਣਕਾਰੀ ਹੈ।

***ਤੁਹਾਡੀ ਹਿਫਾਜ਼ਤ ਲਈ: ਪੀਸ ਬੌਂਡ ਅਤੇ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ*** ਅੰਗਰੇਜ਼ੀ, ਫਰਾਂਸੀਸੀ (ਸਿਰਫ ਔਨਲਾਈਨ), ਪੰਜਾਬੀ, ਸਿੰਪਲੀਫਾਇਡ ਚਾਇਨੀਜ਼, ਅਤੇ ਟ੍ਰਾਡੀਸ਼ਨਲ ਚਾਇਨੀਜ਼ ਵਿਚ ਮਿਲਦੀ ਹੈ। ਸਾਰੇ ਰੂਪ ਪੀ ਡੀ ਐੱਫ ਵਜੋਂ ਲੀਗਲ ਸਰਵਿਸਿਜ਼ ਸੁਸਾਇਟੀ ਦੇ ਵੈੱਬਸਾਈਟ legalaid.bc.ca/read ’ਤੇ ਉਪਲਬਧ ਹਨ।

ਫੀਡਬੈਕ: publications@lss.bc.ca

# ਇਸ ਕਿਤਾਬਚੇ ਬਾਰੇ
About this booklet

ਲੋਕ, ਵੱਖ ਵੱਖ ਹਾਲਤਾਂ ਵਿਚ ਵੱਖ ਵੱਖ ਕਾਰਨਾਂ ਕਰਕੇ ਹਿਫਾਜ਼ਤ ਲਈ ਕੋਰਟ ਦੇ ਆਰਡਰ ਲੈਂਦੇ ਹਨ — ਉਦਾਹਰਣ ਵਜੋਂ, ਕਿਸੇ ਸਾਥੀ ਕਾਮੇ, ਗੁਆਂਢੀ, ਜਾਂ ਪਤੀ/ਪਤਨੀ ਦੀ ਬਜਾਏ ਕਿਸੇ ਹੋਰ ਰਿਸ਼ਤੇਦਾਰ ਵਲੋਂ ਹਿੰਸਾ ਜਾਂ ਜਾਇਦਾਦ ਨੂੰ ਨੁਕਸਾਨ ਹੋਣ ਤੋਂ ਰੋਕਥਾਮ ਕਰਨ ਲਈ। ਪਰ ਬਹੁਤੇ ਹਿਫਾਜ਼ਤੀ ਆਰਡਰ ਉਨ੍ਹਾਂ ਔਰਤਾਂ ਲਈ ਹੁੰਦੇ ਹਨ ਜਿਹੜੀਆਂ ਅਜਿਹੇ ਮਰਦ ਤੋਂ ਹਿਫਾਜ਼ਤ ਲੱਭ ਰਹੀਆਂ ਹੁੰਦੀਆਂ ਹਨ ਜਿਸ ਨਾਲ ਉਨ੍ਹਾਂ ਦਾ ਨੇੜਲਾ ਸੰਬੰਧ ਹੈ ਜਾਂ ਸੰਬੰਧ ਰਿਹਾ ਹੁੰਦਾ ਹੈ।

ਇਹ ਕਿਤਾਬਚਾ, ਬ੍ਰਿਟਿਸ਼ ਕੋਲੰਬੀਆ ਵਿਚ ਰਹਿੰਦੇ ਉਨ੍ਹਾਂ ਲੋਕਾਂ ਲਈ ਲਿਖਿਆ ਗਿਆ ਹੈ ਜਿਨ੍ਹਾਂ ’ਤੇ ਪਰਿਵਾਰਕ ਹਿੰਸਾ ਦਾ ਅਸਰ ਪਿਆ ਹੈ, ਜਿਸ ਵਿਚ ਬੱਚੇ ਅਤੇ ਘਰ ਵਿਚ ਰਹਿੰਦੇ ਹੋਰ ਰਿਸ਼ਤੇਦਾਰ ਸ਼ਾਮਲ ਹਨ। ਇਸ ਕਿਤਾਬਚੇ ਵਿਚਲੀ ਜਾਣਕਾਰੀ ਸੇਮ-ਸੈਕਸ ਸਬੰਧਾਂ ਵਾਲੇ ਲੋਕਾਂ ਅਤੇ ਉਨ੍ਹਾਂ ਮਰਦਾਂ ’ਤੇ ਵੀ ਲਾਗੂ ਹੁੰਦੀ ਹੈ ਜਿਨ੍ਹਾਂ ਨੂੰ ਆਪਣੀਆਂ ਔਰਤ ਸਾਥਣਾਂ ਤੋਂ ਹਿਫਾਜ਼ਤ ਦੀ ਲੋੜ ਹੈ।

**ਇਸ ਕਿਤਾਬਚੇ ਵਿਚ ਕੋਈ ਕਾਨੂੰਨੀ ਸਲਾਹ ਨਹੀਂ ਹੈ। ਇਹ ਕਿਤਾਬਚਾ ਸਿਰਫ *ਕਰਿਮੀਨਲ ਕੋਡ ਔਫ ਕੈਨੇਡਾ* ਦੇ ਸੈਕਸ਼ਨ 810 ਅਧੀਨ ਜਾਰੀ ਕੀਤੇ ਜਾਣ ਵਾਲੇ ਪੀਸ ਬੌਂਡਾਂ ਅਤੇ *ਫੈਮਿਲੀ ਲਾਅ ਐਕਟ* ਔਫ ਬੀ ਸੀ ਦੇ ਸੈਕਸ਼ਨ 183 ਅਧੀਨ ਜਾਰੀ ਕੀਤੇ ਜਾਣ ਵਾਲੇ ਪ੍ਰੋਟੈਕਸ਼ਨ ਆਰਡਰਾਂ ਬਾਰੇ ਜਾਣਕਾਰੀ ਦਿੰਦਾ ਹੈ।**

# ਤਤਕਰਾ
Contents

## ਚੈਪਟਰ 1: ਸਹਾਇਤਾ ਮਿਲਦੀ ਹੈ................4
ਜੇ ਤੁਹਾਨੂੰ ਫੌਰੀ ਖਤਰਾ ਹੈ..........4

ਜੇ ਤੁਸੀਂ ਫੌਰੀ ਖਤਰੇ ਵਿਚ ਨਹੀਂ ਹੋ ਪਰ ਅਜੇ ਵੀ ਆਪਣੀ ਸੁਰੱਖਿਆ ਨੂੰ ਖਤਰਾ ਮਹਿਸੂਸ ਕਰਦੇ ਹੋ..........5

ਅਗਲੇ ਕਦਮਾਂ ਵਿਚ ਮਦਦ..........6

ਜੇ ਤੁਹਾਡਾ ਪਰਿਵਾਰ ਚਾਇਲਡ ਪ੍ਰੋਟੈਕਸ਼ਨ ਸਰਵਿਸਿਜ਼ ਵਿਚ ਹਿੱਸਾ ਲੈ ਰਿਹਾ ਹੈ..........6

ਬੀ ਸੀ ਵਿਚ ਪੀੜਿਤਾਂ ਲਈ ਸੇਵਾਵਾਂ..........7

## ਚੈਪਟਰ 2: ਪੀਸ ਬੌਂਡ ਅਤੇ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ..........8
ਪੀਸ ਬੌਂਡ ਅਤੇ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਕੀ ਹਨ?..........8

ਮੈਨੂੰ ਕਿਸ ਦੀ ਚੋਣ ਕਰਨੀ ਚਾਹੀਦੀ ਹੈ?..........9

## ਚੈਪਟਰ 3: ਪੀਸ ਬੌਂਡ..........14
ਮੈਂ ਪੀਸ ਬੌਂਡ ਕਿਵੇਂ ਲੈਣਾ ਹੈ?..........14

ਅਗਾਂਹ ਕੀ ਹੁੰਦਾ ਹੈ?..........15

ਜੇ ਪੁਲੀਸ ਕਰਾਊਨ ਕੌਂਸਲ ਨੂੰ ਪੀਸ ਬੌਂਡ ਲਈ ਅਪਲਾਈ ਕਰਨ ਲਈ ਕਹਿਣ ਨਾਲ ਸਹਿਮਤ ਨਾ ਹੋਵੇ ਤਾਂ ਕੀ ਹੋਵੇਗਾ?..........16

ਗ੍ਰਿਫਤਾਰੀ ਦੇ ਵਰੰਟ ਅਤੇ ਸੰਮਨਾਂ ਵਿਚ ਕੀ ਫਰਕ ਹੈ?..........16

ਅਗਾਂਹ ਕੀ ਹੋਵੇਗਾ? ਕੀ ਮੈਨੂੰ ਅਦਾਲਤ ਦੀ ਸੁਣਵਾਈ ਵਿਚ ਜਾਣਾ ਪਵੇਗਾ?..........18

ਪੀਸ ਬੌਂਡ ਦੇ ਲਾਗੂ ਹੋ ਜਾਣ 'ਤੇ ਕੀ ਹੁੰਦਾ ਹੈ?..........19

ਜੇ ਮੇਰਾ ਪਾਰਟਨਰ ਮੇਰੇ ਘਰ ਆ ਜਾਵੇ ਜਿਹੜਾ ਕਿ ਉਹ ਨਹੀਂ ਕਰ ਸਕਦਾ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?..........20

ਪੀਸ ਬੌਂਡ ਦੇ ਲਾਗੂ ਹੋ ਜਾਣ ਤੋਂ ਬਾਅਦ ਜੇ ਮੈਂ ਆਪਣੇ ਪਾਰਟਨਰ ਨੂੰ ਮਿਲਣਾ ਚਾਹਾਂ ਜਾਂ ਉਸ ਨਾਲ ਗੱਲ ਕਰਨਾ ਚਾਹਾਂ ਤਾਂ ਕੀ ਹੋਵੇਗਾ?..........21

ਜੇ ਮੈਂ ਪੀਸ ਬੌਂਡ ਬਦਲਣਾ ਚਾਹਾਂ ਤਾਂ ਕੀ ਹੋਵੇਗਾ?..........21

ਜੇ ਮੈਂ ਕਿਸੇ ਹੋਰ ਸੂਬੇ ਵਿਚ ਮੂਵ ਹੋ ਜਾਵਾਂ ਤਾਂ ਕੀ ਹੋਵੇਗਾ?..........22

ਜੇ ਮੇਰਾ ਪਾਰਟਨਰ ਪੀਸ ਬੌਂਡ ਵਿਚ ਕਹੀ ਗਈ ਹਰ ਚੀਜ਼ ਦੀ ਪਾਲਣਾ ਕਰਦਾ ਹੈ ਤਾਂ ਕੀ ਹੋਵੇਗਾ?..........22

ਜੇ ਪੀਸ ਬੌਂਡ ਖਤਮ ਹੋਣ ਵਾਲਾ ਹੋਵੇ ਅਤੇ ਮੈਨੂੰ ਅਜੇ ਵੀ ਆਪਣੀ ਸੁਰੱਖਿਆ ਨੂੰ ਖਤਰਾ ਹੋਵੇ ਤਾਂ ਮੈਂ ਕੀ ਕਰ ਸਕਦੀ ਹਾਂ?..........22

ਚੈਪਟਰ 4: ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ .. 24

ਮੈਂ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਲਈ ਅਪਲਾਈ ਕਿਵੇਂ ਕਰਨਾ ਹੈ? ........ 25

ਕੀ ਮੈਨੂੰ ਵਕੀਲ ਦੀ ਲੋੜ ਪਵੇਗੀ? ........ 26

ਮੈਂ ਅਦਾਲਤ ਦੇ ਫਾਰਮ ਕਿਵੇਂ ਲੈਣੇ ਹਨ? ........ 26

ਕੀ ਮੇਰੇ ਪਾਰਟਨਰ ਨੂੰ ਇਹ ਜਾਣਨ ਦੀ ਲੋੜ ਹੈ ਕਿ ਮੈਂ ਅਪਲਾਈ ਕਰ ਰਹੀ/ਰਿਹਾ ਹਾਂ? ਅਤੇ ਜੇ ਮੈਨੂੰ ਆਰਡਰ ਫੌਰਨ ਚਾਹੀਦੇ ਹੋਣ ਤਾਂ ਕੀ ਹੋਵੇਗਾ? ........ 27

ਕੀ ਮੇਰੇ ਲਈ ਅਦਾਲਤ ਦੀ ਸੁਣਵਾਈ ਲਈ ਜਾਣਾ ਜ਼ਰੂਰੀ ਹੈ? ........ 29

ਅਦਾਲਤ ਦੀ ਸੁਣਵਾਈ ਵਿਚ ਕੀ ਹੁੰਦਾ ਹੈ? ........ 29

ਜੱਜ ਫੈਸਲਾ ਕਿਵੇਂ ਕਰਦਾ ਹੈ? ........ 30

ਜੱਜ ਕੀ ਫੈਸਲਾ ਕਰ ਸਕਦਾ ਹੈ? ........ 31

ਆਰਡਰ ਕਿਵੇਂ ਤਿਆਰ ਕੀਤਾ ਜਾਂਦਾ ਹੈ? ........ 32

ਮੈਂ ਆਰਡਰ ਦਾ ਕੀ ਕਰਨਾ ਹੈ? ........ 32

ਜੇ ਮੇਰਾ ਪਾਰਟਨਰ ਮੇਰੇ ਘਰ ਆ ਜਾਵੇ ਜਦ ਕਿ ਉਸ ਨੂੰ ਨਹੀਂ ਆਉਣਾ ਚਾਹੀਦਾ ਸੀ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ? ........ 33

ਆਰਡਰ ਦੇ ਲਾਗੂ ਹੋ ਜਾਣ ਤੋਂ ਬਾਅਦ ਜੇ ਮੈਂ ਆਪਣੇ ਪਾਰਟਨਰ ਨੂੰ ਮਿਲਣਾ ਚਾਹਾਂ ਜਾਂ ਉਸ ਨਾਲ ਗੱਲ ਕਰਨਾ ਚਾਹਾਂ ਤਾਂ ਕੀ ਹੋਵੇਗਾ? ........ 33

ਜੇ ਮੈਂ ਆਰਡਰ ਬਦਲਣਾ ਜਾਂ ਕੈਂਸਲ ਕਰਨਾ ਚਾਹਾਂ ਤਾਂ ਕੀ ਹੋਵੇਗਾ? ........ 34

ਜੇ ਮੈਂ ਕਿਸੇ ਹੋਰ ਸੂਬੇ ਵਿਚ ਮੂਵ ਹੋ ਜਾਵਾਂ ਤਾਂ ਕੀ ਹੋਵੇਗਾ? ........ 34

ਜੇ ਮੇਰਾ ਪਾਰਟਨਰ ਆਰਡਰ ਵਲੋਂ ਕਹੀ ਗਈ ਹਰ ਚੀਜ਼ ਦੀ ਪਾਲਣਾ ਕਰਦਾ ਹੈ ਤਾਂ ਕੀ ਹੋਵੇਗਾ? ........ 35

ਜੇ ਆਰਡਰ ਖਤਮ ਹੋਣ ਵਾਲਾ ਹੋਵੇ ਅਤੇ ਮੈਨੂੰ ਅਜੇ ਵੀ ਆਪਣੀ ਸੇਫਟੀ ਲਈ ਡਰ ਲੱਗਦਾ ਹੋਵੇ ਤਾਂ ਮੈਂ ਕੀ ਕਰ ਸਕਦੀ ਹਾਂ? ........ 35

ਚੈਪਟਰ 5: ਮਦਦ ਕੌਣ ਕਰ ਸਕਦਾ ਹੈ ......... 36

ਸ਼ਬਦਾਂ ਦੇ ਅਰਥ: ਜਾਣਨ ਵਾਲੇ ਕਾਨੂੰਨੀ ਸ਼ਬਦ ... 44

# ਚੈਪਟਰ 1: ਸਹਾਇਤਾ ਮਿਲਦੀ ਹੈ

Chapter 1: Help Is Available

ਜੇ ਤੁਹਾਨੂੰ ਪਰਿਵਾਰਕ ਹਿੰਸਾ ਦਾ ਸਾਹਮਣਾ ਕਰਨਾ ਪਿਆ ਹੈ ਜਾਂ ਪਰਿਵਾਰਕ ਹਿੰਸਾ ਦੀ ਧਮਕੀ ਦਿੱਤੀ ਗਈ ਹੈ ਤਾਂ ਚੇਤੇ ਰੱਖੋ ਕਿ ਤੁਸੀਂ ਇਕੱਲੇ ਨਹੀਂ ਹੋ। ਤੁਹਾਨੂੰ ਪੁਲੀਸ ਤੋਂ, ਵਿਕਟਿਮ ਸਰਵਿਸ ਵਰਕਰਾਂ ਤੋਂ, ਕਮਿਉਨਟੀ ਦੀਆਂ ਸੰਸਥਾਵਾਂ ਅਤੇ ਅਦਾਲਤੀ ਸਿਸਟਮ ਤੋਂ ਮਦਦ ਮਿਲਦੀ ਹੈ।

ਇਹ ਚੈਪਟਰ ਚੁੱਕੇ ਜਾਣ ਵਾਲੇ ਉਨ੍ਹਾਂ ਫੌਰੀ ਕਦਮਾਂ ਬਾਰੇ ਦੱਸਦਾ ਹੈ, ਜੇ ਤੁਹਾਨੂੰ ਆਪਣੀ ਸੇਫਟੀ ਖਤਰੇ ਵਿਚ ਦਿਖਾਈ ਦਿੰਦੀ ਹੈ। ਚੈਪਟਰ 2 ਇਹ ਦੱਸਦਾ ਹੈ ਕਿ ***ਕ੍ਰਿਮੀਨਲ ਕੋਡ*** ਦੇ ਸੈਕਸ਼ਨ 810 ਹੇਠ ਬੌਂਡ (ਜਿਸ ਨੂੰ ਇਸ ਕਿਤਾਬਚੇ ਵਿਚ "ਪੀਸ ਬੌਂਡ" ਕਿਹਾ ਗਿਆ ਹੈ) ਅਤੇ ***ਫੈਮਿਲੀ ਲਾਅ ਐਕਟ*** ਹੇਠ ਪ੍ਰੋਟੈਕਸ਼ਨ ਆਰਡਰ (ਜਿਸ ਨੂੰ ਇਸ ਕਿਤਾਬਚੇ ਵਿਚ "ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ" ਕਿਹਾ ਗਿਆ ਹੈ) ਵਿੱਚੋਂ ਚੋਣ ਕਿਵੇਂ ਕਰਨੀ ਹੈ।

ਇਸ ਕਿਤਾਬਚੇ ਵਿਚ, ਅਸੀਂ ਸ਼ਬਦ "ਪਾਰਟਨਰ" (ਸਾਥੀ) ਵਰਤਿਆ ਹੈ ਜਿਸ ਦਾ ਮਤਲਬ ਉਹ ਵਿਅਕਤੀ ਹੈ ਜਿਸ ਨਾਲ:

- ਤੁਸੀਂ ਵਿਆਹੇ ਹੋਏ ਹੋ ਜਾਂ ਵਿਆਹੇ ਹੋਏ ਸੀ,
- ਤੁਸੀਂ ਵਿਆਹ ਵਰਗੇ ਸੰਬੰਧ ਵਿਚ ਰਹੇ ਹੋ ਜਾਂ ਕਿਸੇ ਵੀ ਸਮੇਂ ਲਈ ਵਿਆਹ ਵਰਗੇ ਸੰਬੰਧ ਵਿਚ ਰਹੇ ਸੀ, ਜਾਂ
- ਤੁਹਾਡਾ ਬੱਚਾ ਹੈ।

## ਜੇ ਤੁਹਾਨੂੰ ਫੌਰੀ ਖਤਰਾ ਹੈ

If you're in immediate danger

ਕਿਸੇ ਵਲੋਂ ਵੀ ਤੁਹਾਡੇ ਜਾਂ ਤੁਹਾਡੇ ਬੱਚਿਆਂ 'ਤੇ ਹਮਲਾ ਕਰਨਾ, ਤੁਹਾਨੂੰ ਤੰਗ ਕਰਨਾ ਜਾਂ ਤੁਹਾਡਾ ਪਿੱਛਾ ਕਰਨਾ, ਤੁਹਾਨੂੰ ਸਰੀਰਕ ਨੁਕਸਾਨ ਪਹੁੰਚਾਉਣ ਦੀ ਧਮਕੀ ਦੇਣਾ ਜਾਂ ਤੁਹਾਡੀ ਜਾਇਦਾਦ ਦਾ ਨੁਕਸਾਨ ਕਰਨਾ, ਕਾਨੂੰਨ ਦੇ ਖਿਲਾਫ ਹੈ।

ਜੇ ਤੁਸੀਂ ਡਰੇ ਹੋਏ ਹੋ ਅਤੇ ਇਹ ਸੋਚਦੇ ਹੋ ਕਿ ਤੁਹਾਨੂੰ, ਤੁਹਾਡੇ ਬੱਚਿਆਂ, ਅਤੇ/ਜਾਂ ਹੋਰਨਾਂ ਨੂੰ ਤੁਹਾਡੇ ਪਾਰਟਨਰ (ਸਾਥੀ) ਤੋਂ ਫੌਰੀ ਖਤਰਾ ਹੈ ਤਾਂ **ਤੁਰੰਤ** ਪੁਲੀਸ ਨੂੰ 911 'ਤੇ ਫੋਨ ਕਰਕੇ ਸੱਦੋ। (ਜੇ ਤੁਹਾਡੇ ਇਲਾਕੇ ਵਿਚ 911 ਸਰਵਿਸ ਨਹੀਂ ਹੈ ਤਾਂ ਆਪਣੇ ਲੋਕਲ ਪੁਲੀਸ ਦੇ ਐਮਰਜੰਸੀ ਫੋਨ ਨੰਬਰ 'ਤੇ ਫੋਨ ਕਰੋ)। ਤੁਹਾਡੀ ਸੇਫਟੀ ਅਤੇ ਹੋਰਨਾਂ ਦੀ ਸੇਫਟੀ ਨੂੰ ਯਕੀਨੀ ਬਣਾਉਣ ਲਈ ਪੁਲੀਸ ਫੌਰੀ ਕਦਮ ਚੁੱਕੇਗੀ।

ਫਿਰ ਪੁਲੀਸ ਤੁਹਾਡੇ ਅਤੇ ਹੋਰਨਾਂ ਤੋਂ ਸਬੂਤ (ਤੱਥ) ਇਕੱਠੇ ਕਰੇਗੀ। **ਕਿਸੇ ਸਰੀਰਕ ਸਬੂਤ ਜਾਂ ਗਵਾਹ ਦਾ ਹੋਣਾ ਜ਼ਰੂਰੀ ਨਹੀਂ ਹੈ – ਤੁਹਾਡੇ ਵਲੋਂ ਦੱਸੀ ਗਈ ਤੁਹਾਡੀ ਕਹਾਣੀ ਮੁੱਖ ਸਬੂਤ ਹੈ।** ਅਗਾਂਹ ਦੋ ਚੀਜ਼ਾਂ ਹੋ ਸਕਦੀਆਂ ਹਨ।

- ਜੇ ਕਾਫੀ ਸਬੂਤ ਹੋਏ ਤਾਂ ਸੰਭਵ ਹੈ ਕਿ ਪੁਲੀਸ ਤੁਹਾਡੇ ਪਾਰਟਨਰ ਨੂੰ ਗ੍ਰਿਫਤਾਰ ਕਰ ਲਵੇਗੀ। ਉਹ ਕਰਾਊਨ ਕੌਂਸਲ (ਬੀ ਸੀ ਅਟਾਰਨੀ ਜਨਰਲ ਦੀ ਮਨਿਸਟਰੀ ਨਾਲ ਕੰਮ ਕਰਦੇ ਕਿਸੇ ਵਕੀਲ) ਨੂੰ ਕਹੇਗੀ ਕਿ ਉਹ ਤੁਹਾਡੇ ਪਾਰਟਨਰ ਖਿਲਾਫ ਜੁਰਮ ਦਾ ਮੁਕੱਦਮਾ ਦਰਜ ਕਰੇ। ਕਰਾਊਨ ਕੌਂਸਲ ਫੈਸਲਾ ਕਰੇਗਾ ਕਿ ਕੀ ਤੁਹਾਡੇ ਪਾਰਟਨਰ ਨੂੰ ਚਾਰਜ ਕੀਤਾ ਜਾਣਾ ਚਾਹੀਦਾ ਹੈ (ਜਾਂ ਕੀ ਪੀਸ ਬੌਂਡ ਜ਼ਿਆਦਾ ਢੁਕਵਾਂ ਹੈ) । ਜੇ ਉਹ ਮੁਕੱਦਮੇ ਨੂੰ ਮਨਜ਼ੂਰੀ ਦੇ ਦਿੰਦੇ ਹਨ ਤਾਂ ਤੁਹਾਡੇ ਪਾਰਟਨਰ ਨੂੰ ਅਦਾਲਤ ਵਿਚ ਜਾਣਾ ਪਵੇਗਾ।
- ਜੇ ਹਮਲੇ, ਧਮਕੀਆਂ ਦੇਣ ਆਦਿ ਦੇ ਚਾਰਜ ਲਈ ਕਾਫੀ ਸਬੂਤ ਨਾ ਹੋਵੇ, ਪਰ ਪੁਲੀਸ ਇਸ ਗੱਲ ਨਾਲ ਸਹਿਮਤ ਹੋ ਸਕਦੀ ਹੈ ਕਿ ਜੇ ਤੁਹਾਡੇ ਕੋਲ ਕਿਸੇ ਕਿਸਮ ਦੀ ਹਿਫਾਜ਼ਤ ਨਾ ਹੋਈ ਤਾਂ ਤੁਹਾਡਾ ਪਾਰਟਨਰ ਭਵਿੱਖ ਵਿਚ ਤੁਹਾਨੂੰ ਨੁਕਸਾਨ ਪਹੁੰਚਾ ਸਕਦਾ ਹੈ। ਇਸ ਹਾਲਤ ਵਿਚ, ਪੁਲੀਸ ਕਰਾਊਨ ਕੌਂਸਲ ਨੂੰ ਪੀਸ ਬੌਂਡ ਲਈ ਅਪਲਾਈ ਕਰਨ ਲਈ ਕਹਿ ਸਕਦੀ ਹੈ, ਅਤੇ/ਜਾਂ ਇਹ ਸਿਫਾਰਸ਼ ਕਰ ਸਕਦੀ ਹੈ ਕਿ ਤੁਸੀਂ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਲਈ ਅਪਲਾਈ ਕਰੋ।

## ਜੇ ਤੁਸੀਂ ਫੌਰੀ ਖਤਰੇ ਵਿਚ ਨਹੀਂ ਹੋ ਪਰ ਅਜੇ ਵੀ ਆਪਣੀ ਸੁਰੱਖਿਆ ਨੂੰ ਖਤਰਾ ਮਹਿਸੂਸ ਕਰਦੇ ਹੋ

### If you aren't in immediate danger, but still fear for your safety

ਜੇ ਤੁਹਾਨੂੰ ਧਮਕੀ ਦਿੱਤੀ ਗਈ ਹੈ ਜਾਂ ਤੁਹਾਡੇ 'ਤੇ ਪਹਿਲਾਂ ਹਿੰਸਾ ਹੋਈ ਹੈ, ਅਤੇ/ਜਾਂ ਤੁਸੀਂ ਭਵਿੱਖ ਵਿਚ ਆਪਣੀ ਜਾਂ ਆਪਣੇ ਬੱਚਿਆਂ ਦੀ ਸੁਰੱਖਿਆ ਨੂੰ ਖਤਰਾ ਮਹਿਸੂਸ ਕਰਦੇ ਹੋ ਤਾਂ ਤੁਸੀਂ:

- ਪੀਸ ਬੌਂਡ ਲੈਣ ਵਿਚ ਮਦਦ ਲਈ ਪੁਲੀਸ ਜਾਂ ਆਰ ਸੀ ਐੱਮ ਪੀ ਨੂੰ ਕਹਿ ਸਕਦੇ ਹੋ, ਜਾਂ
- ਫੈਮਿਲੀ ਪ੍ਰੋਟੈਕਸ਼ਨ ਆਰਡਰ ਲੈਣ ਲਈ ਅਦਾਲਤ ਕੋਲ ਅਪਲਾਈ ਕਰ ਸਕਦੇ ਹੋ।

(ਇਹ ਫੈਸਲਾ ਕਰਨ ਲਈ ਚੈਪਟਰ 2 ਦੇਖੋ ਕਿ ਤੁਹਾਡੇ ਲਈ ਕਿਹੜਾ ਬਿਹਤਰ ਹੈ।)



ਤੁਹਾਨੂੰ ਸੁਰੱਖਿਅਤ ਮਹਿਸੂਸ ਕਰਨ ਅਤੇ ਸੁਰੱਖਿਅਤ ਰਹਿਣ ਲਈ ਪੁਲੀਸ ਤੋਂ ਸਹਾਇਤਾ ਲੈਣ ਦਾ ਹੱਕ ਹੈ। ਇਹ ਉਨ੍ਹਾਂ ਦਾ ਕੰਮ ਹੈ। ਤੁਸੀਂ ਪੁਲੀਸ ਨੂੰ ਕਹਿ ਸਕਦੇ ਹੋ ਕਿ ਉਹ ਤੁਹਾਨੂੰ ਟ੍ਰਾਂਜ਼ੀਸ਼ਨ ਹਾਊਸ, ਜਾਂ ਕਿਸੇ ਸੁਰੱਖਿਅਤ ਘਰ, ਜਾਂ ਕਿਸੇ ਹੋਰ ਸੁਰੱਖਿਅਤ ਥਾਂ — ਜਿਵੇਂ ਕਿ ਕਿਸੇ ਰਿਸ਼ਤੇਦਾਰ ਜਾਂ ਦੋਸਤ ਘਰ ਲੈ ਕੇ ਜਾਵੇ। ਪੁਲੀਸ ਤੁਹਾਨੂੰ ਕਿਸੇ ਲੋਕਲ ਵਿਕਟਿਮ ਸਰਵਿਸ ਪ੍ਰੋਗਰਾਮ ਕੋਲ ਵੀ ਭੇਜ ਸਕਦੀ ਹੈ, ਜਿੱਥੇ ਸਟਾਫ ਤੁਹਾਡੀ ਸਹਾਇਤਾ ਕਰੇਗਾ ਅਤੇ ਤੁਹਾਡੀ ਸੁਰੱਖਿਆ ਦੀ ਨਿੱਜੀ ਪਲੈਨ ਬਣਾਉਣ ਵਿਚ ਤੁਹਾਡੀ ਮਦਦ ਕਰੇਗਾ।

## ਅਗਲੇ ਕਦਮਾਂ ਵਿਚ ਮਦਦ
Help for the next steps

ਜੇ ਕਰਾਊਨ ਕੌਂਸਲ ਪੀਸ ਬੌਂਡ ਮੰਗਦਾ ਹੈ ਤਾਂ ਉਹ ਤੁਹਾਨੂੰ ਅਗਲੇ ਕਦਮਾਂ ਵਿਚ ਸੇਧ ਦੇਣਗੇ। ਯਾਦ ਰੱਖੋ ਕਿ ਕਰਾਊਨ ਕੌਂਸਲ ਤੁਹਾਡਾ ਨਿੱਜੀ ਵਕੀਲ ਨਹੀਂ ਹੈ — ਉਹ ਪੀੜਿਤਾਂ ਦੀ ਨੁਮਾਇੰਦਗੀ ਨਹੀਂ ਕਰਦੇ। ਕਰਾਊਨ ਕੌਂਸਲ, ਅਟਾਰਨੀ ਜਨਰਲ ਦੀ ਮਨਿਸਟਰੀ ਦੇ ਮੁਲਾਜ਼ਮ ਵਕੀਲ ਹੁੰਦੇ ਹਨ ਜੋ ਕਿ ਸਮੁੱਚੇ ਤੌਰ ’ਤੇ ਕਮਿਊਨਟੀ ਦੀ ਤਰਫੋਂ ਵਕੀਲ ਵਜੋਂ ਕੰਮ ਕਰਦੇ ਹਨ। ਤੁਹਾਨੂੰ ਇਸ ਕੰਮ ਲਈ ਕਰਾਊਨ ਕੌਂਸਲ ਨੂੰ ਪੈਸੇ ਦੇਣ ਦੀ ਲੋੜ ਨਹੀਂ ਹੈ।

ਜੇ ਤੁਸੀਂ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਲਈ ਅਪਲਾਈ ਕਰਦੇ ਹੋ ਤਾਂ ਅਦਾਲਤ ਵਿਚ ਮਦਦ ਲਈ ਅਤੇ ਹਿਫਾਜ਼ਤ ਦੀਆਂ ਹੋਰ ਚੋਣਾਂ ਬਾਰੇ ਸਲਾਹ ਲਈ ਫੈਮਿਲੀ ਲਾਅ ਦਾ ਵਕੀਲ ਕਰਨਾ ਬਿਹਤਰ ਹੈ। ਤੁਸੀਂ ਵਕੀਲ ਕਰ ਸਕਦੇ ਹੋ ਜਾਂ ਇਹ ਪਤਾ ਲਾਉਣ ਲਈ ਲੀਗਲ ਏਡ ਨਾਲ ਗੱਲ ਕਰ ਸਕਦੇ ਹੋ ਕਿ ਕੀ ਤੁਹਾਨੂੰ ਮੁਫਤ ਵਕੀਲ ਮਿਲ ਸਕਦਾ ਹੈ (ਸਫਾ 38 ਦੇਖੋ)। ਕਰਾਊਨ ਕੌਂਸਲ ਤੁਹਾਡੇ ਲਈ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਲਈ ਅਪਲਾਈ ਨਹੀਂ ਕਰ ਸਕਦਾ। ਪਰ, ਤੁਹਾਡੇ ਲਈ ਵਕੀਲ ਕਰਨਾ ਜ਼ਰੂਰੀ ਨਹੀਂ ਹੈ — ਫੈਮਿਲੀ ਕੋਰਟ ਵਿਚ ਤੁਸੀਂ ਆਪਣੀ ਨੁਮਾਇੰਦਗੀ ਆਪ ਕਰ ਸਕਦੇ ਹੋ।

ਪੀਸ ਬੌਂਡਾਂ ਅਤੇ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰਾਂ ਬਾਰੇ ਹੋਰ ਮਦਦ ਅਤੇ ਜਾਣਕਾਰੀ ਲੈਣ ਲਈ ਆਪਣੇ ਇਲਾਕੇ ਵਿਚਲੇ ਕਿਸੇ ਵਿਕਟਿਮ ਸਰਵਿਸ ਵਰਕਰ ਨਾਲ ਗੱਲ ਕਰੋ।

## ਜੇ ਤੁਹਾਡਾ ਪਰਿਵਾਰ ਚਾਇਲਡ ਪ੍ਰੋਟੈਕਸ਼ਨ ਸਰਵਿਸਿਜ਼ ਵਿਚ ਹਿੱਸਾ ਲੈ ਰਿਹਾ ਹੈ
If your family is involved with Child Protection Services

ਬੀ ਸੀ ਦੇ ਕਾਨੂੰਨ ਅਧੀਨ, ਜੇ ਕਿਸੇ ਨੂੰ ਇਹ ਸ਼ੱਕ ਪੈਂਦੀ ਹੈ ਕਿ ਕੋਈ ਬੱਚਾ ਖਤਰੇ ਵਿਚ ਹੈ ਜਾਂ ਇਹ ਜਾਣਦਾ ਹੈ ਕਿ ਕਿਸੇ ਬੱਚੇ ਨਾਲ ਮਾੜਾ ਵਰਤਾਉ ਹੋ ਰਿਹਾ ਹੈ ਜਾਂ ਉਸ ਪ੍ਰਤੀ ਅਣਗਿਹਲੀ ਕੀਤੀ ਜਾ ਰਹੀ ਹੈ ਤਾਂ ਉਸ ਲਈ ਇਸ ਦੀ ਰਿਪੋਰਟ ਕਰਨਾ ਜ਼ਰੂਰੀ ਹੈ। ਉਹ ਮਨਿਸਟਰੀ ਔਫ ਚਿਲਡਰਨ

ਐਂਡ ਫੈਮਿਲੀ ਡਿਵੈਲਪਮੈਂਟ (ਐੱਮ ਸੀ ਐੱਫ) ਦੇ ਚਾਇਲਡ ਪ੍ਰੋਟੈਕਸ਼ਨ ਵਰਕਰ ਨਾਲ, ਕਿਸੇ ਅਧਿਕਾਰਤ ਅਬਰਿਜਨਲ ਏਜੰਸੀ ਨਾਲ, ਜਾਂ 310-1234 (ਏਰੀਆ ਕੋਡ ਲਾਉਣ ਦੀ ਲੋੜ ਨਹੀਂ ਹੈ) 'ਤੇ ਹੈਲਪਲਾਈਨ ਫਾਰ ਚਿਲਡਰਨ ਨਾਲ ਸੰਪਰਕ ਕਰ ਸਕਦੇ ਹਨ।

ਜੇ ਪਾਰਟਨਰ ਤੋਂ ਹਿੰਸਾ ਦੇ ਫਿਕਰਾਂ ਕਰਕੇ ਤੁਹਾਡੇ ਪਰਿਵਾਰ ਲਈ ਕੋਈ ਚਾਇਲਡ ਪ੍ਰੋਟੈਕਸ਼ਨ ਵਰਕਰ ਲਗਾਇਆ ਗਿਆ ਹੈ ਤਾਂ ਤੁਸੀਂ ਵਰਕਰ ਨੂੰ ਕਹਿ ਸਕਦੇ ਹੋ ਕਿ ਉਹ ਹਿਫਾਜ਼ਤ ਲਈ ਦਖਲਅੰਦਾਜ਼ੀ ਦਾ ਆਰਡਰ ਲੈਣ ਲਈ ਅਦਾਲਤ ਕੋਲ ਅਪਲਾਈ ਕਰੇ। ਇਹ ਆਰਡਰ ਤੁਹਾਡੇ ਪਾਰਟਨਰ ਨੂੰ ਇਹ ਦੱਸਦਾ ਹੈ ਕਿ ਉਹ ਛੇ ਮਹੀਨਿਆਂ ਤੱਕ ਬੱਚਿਆਂ ਤੋਂ ਦੂਰ ਰਹੇ। ਇਸੇ ਸਮੇਂ ਤੁਸੀਂ ਪੀਸ ਬੌਂਡ ਲੈਣ ਵਿਚ ਮਦਦ ਲਈ ਪੁਲੀਸ ਕੋਲ ਜਾਂ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਲੈਣ ਲਈ ਅਦਾਲਤ ਕੋਲ ਵੀ ਜਾ ਸਕਦੇ ਹੋ। ਤੁਸੀਂ ਕਿਸੇ ਵਕੀਲ ਨਾਲ ਗੱਲ ਕਰ ਸਕਦੇ ਹੋ ਜਾਂ ਲੀਗਲ ਏਡ ਬਾਰੇ ਪੁੱਛ ਸਕਦੇ ਹੋ। ਤੁਹਾਨੂੰ ਵਿਕਟਿਮ ਸਰਵਿਸ ਵਰਕਰ ਨਾਲ ਵੀ ਗੱਲ ਕਰਨੀ ਚਾਹੀਦੀ ਹੈ।

## ਬੀ ਸੀ ਵਿਚ ਪੀੜਿਤਾਂ ਲਈ ਸੇਵਾਵਾਂ
Victim Services in BC

ਸੂਬੇ ਭਰ ਵਿਚ ਬਹੁਤੇ ਇਲਾਕਿਆਂ ਵਿਚ ਵਿਕਟਿਮ ਸਰਵਿਸ ਪ੍ਰੋਗਰਾਮ ਮਿਲਦੇ ਹਨ। ਵਿਕਟਿਮ ਸਰਵਿਸ ਵਰਕਰ ਇਹ ਪ੍ਰਦਾਨ ਕਰਦੇ ਹਨ:

- ਜਜ਼ਬਾਤੀ ਸਹਾਇਤਾ;
- ਸੇਫਟੀ ਦੀ ਪਲੈਨਿੰਗ;
- ਵਿਹਾਰਕ ਸਹਾਇਤਾ, ਜਿਵੇਂ ਤੁਹਾਡੇ ਨਾਲ ਅਦਾਲਤ ਵਿਚ ਜਾਂ ਪੁਲੀਸ ਕੋਲ ਜਾਣਾ, ਜਾਂ ਫਾਰਮਾਂ ਨੂੰ ਸਮਝਣ ਵਿਚ ਤੁਹਾਡੀ ਮਦਦ ਕਰਨਾ;
- ਕਰਿਮੀਨਲ ਕੋਰਟ ਦੀ ਕਾਰਵਾਈ, ਕਰਿਮੀਨਲ ਜਸਟਿਸ ਸਿਸਟਮ, ਅਤੇ ਤੁਹਾਡੇ ਕੇਸ ਦੀ ਹਾਲਤ ਬਾਰੇ ਜਾਣਕਾਰੀ ਦੇਣਾ; ਅਤੇ
- ਜੇ ਤੁਹਾਨੂੰ ਲੋੜ ਹੋਵੇ ਤਾਂ ਤੁਹਾਨੂੰ ਕਮਿਉਨਟੀ ਦੇ ਹੋਰ ਵਸੀਲਿਆਂ ਕੋਲ ਭੇਜਣਾ।

ਆਪਣੇ ਨੇੜੇ ਵਿਕਟਿਮ ਸਰਵਿਸ ਪ੍ਰੋਗਰਾਮ ਲੱਭਣ ਲਈ, ਵਿਕਟਿਮਲਿੰਕ ਬੀ ਸੀ ਨੂੰ ਫੋਨ ਕਰੋ, ਜੋ ਕਿ ਬੀ ਸੀ ਅਤੇ ਯੂਕੋਨ ਭਰ ਵਿਚ ਮੁਫਤ, ਦਿਨ ਦੇ 24 ਘੰਟੇ ਮਿਲਣ ਵਾਲੀ ਇਕ ਗੁਪਤ ਅਤੇ ਕਈ ਭਾਸ਼ਾਵਾਂ ਵਿਚ ਮਦਦ ਕਰਨ ਵਾਲੀ ਟੈਲੀਫੋਨ ਸਰਵਿਸ ਹੈ। ਇਹ ਜੁਰਮਾਂ ਦਾ ਸ਼ਿਕਾਰ ਹੋਏ ਸਾਰੇ ਵਿਅਕਤੀਆਂ ਲਈ ਜਾਣਕਾਰੀ ਦਿੰਦੀ ਹੈ ਅਤੇ ਅਗਾਂਹ ਭੇਜਦੀ ਹੈ ਅਤੇ ਪਰਿਵਾਰਕ ਅਤੇ ਕਾਮੁਕ ਹਿੰਸਾ ਦਾ ਸ਼ਿਕਾਰ ਹੋਏ ਲੋਕਾਂ ਦੀ ਸੰਕਟ ਵਿਚ ਫੌਰੀ ਸਹਾਇਤਾ ਕਰਦੀ ਹੈ।

1-800-563-0808

ਸੰਪਰਕ ਕਰਨ ਬਾਰੇ ਪੂਰੀ ਜਾਣਕਾਰੀ ਲਈ ਸਫਾ 36 ਦੇਖੋ।

# ਚੈਪਟਰ 2: ਪੀਸ ਬੌਂਡ ਅਤੇ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ

Chapter 2: Peace Bonds and Family Law Protection Orders

"ਪ੍ਰੋਟੈਕਸ਼ਨ ਆਰਡਰ" ਇਕ ਵਿਅਕਤੀ ਨੂੰ ਦੂਜੇ ਵਿਅਕਤੀ ਤੋਂ ਬਚਾਉਣ ਲਈ ਅਦਾਲਤ ਵਿਚ ਜੱਜ ਵਲੋਂ ਕੀਤੇ ਜਾਂਦੇ ਆਰਡਰਾਂ ਲਈ ਵਰਤਿਆ ਜਾਂਦਾ ਇਕ ਆਮ ਸ਼ਬਦ ਹੈ। ***ਕਰਿਮੀਨਲ ਕੋਡ*** ਪੀਸ ਬੌਂਡ ਅਤੇ ***ਫੈਮਿਲੀ ਲਾਅ ਐਕਟ*** ਪ੍ਰੋਟੈਕਸ਼ਨ ਆਰਡਰ ਦੋਨੋਂ "ਪ੍ਰੋਟੈਕਸ਼ਨ ਆਰਡਰਜ਼" ਦੀਆਂ ਕਿਸਮਾਂ ਹਨ।

## ਪੀਸ ਬੌਂਡ ਅਤੇ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਕੀ ਹਨ?

What are peace bonds and family law protection orders?

ਸਾਰੇ ਹਿਫਾਜ਼ਤੀ ਆਰਡਰਾਂ ਵਿਚ ਜੱਜ ਵਲੋਂ ਤਹਿ ਕੀਤੀਆਂ ਸ਼ਰਤਾਂ ਦੀ ਇਕ ਲਿਸਟ ਹੁੰਦੀ ਹੈ ਜਿਸ ਦੀ ਉਸ ਵਿਅਕਤੀ ਵਲੋਂ ਪਾਲਣਾ ਕਰਨਾ ਜ਼ਰੂਰੀ ਹੈ। ਸ਼ਰਤਾਂ ਦਾ ਮਕਸਦ ਆਰਡਰ ਲਈ ਅਪਲਾਈ ਕਰਨ ਵਾਲੇ (ਪੀੜਿਤ) ਦੀ ਰੱਖਿਆ ਕਰਨਾ ਹੁੰਦਾ ਹੈ। ਬਹੁਤੀ ਵਾਰੀ ਇਕ ਸ਼ਰਤ ਇਹ ਹੁੰਦੀ ਹੈ ਕਿ ਉਹ ਵਿਅਕਤੀ ਉਸ ਵਿਅਕਤੀ ਨਾਲ ਕੋਈ ਸੰਪਰਕ ਨਾ ਕਰੇ ਜਾਂ ਸੀਮਤ ਸੰਪਰਕ ਕਰੇ ਜਿਸ ਦੀ ਹਿਫਾਜ਼ਤ ਕੀਤੀ ਜਾ ਰਹੀ ਹੈ।

ਤੁਹਾਡਾ ਹਿਫਾਜ਼ਤੀ ਆਰਡਰ ਤੁਹਾਡੀ ਸੇਫਟੀ ਦੀਆਂ ਲੋੜਾਂ 'ਤੇ ਆਧਾਰਿਤ ਹੁੰਦਾ ਹੈ। ਇਸ ਵਿਚ ਆਮ ਤੌਰ 'ਤੇ ਇਹ ਸ਼ਰਤ ਹੋਵੇਗੀ ਕਿ ਤੁਹਾਡਾ ਪਾਰਟਨਰ ਤੁਹਾਡੇ ਅਤੇ/ਜਾਂ ਤੁਹਾਡੇ ਬੱਚਿਆਂ ਨਾਲ ਸਿੱਧਾ ਜਾਂ ਅਸਿੱਧਾ ਕੋਈ ਸੰਪਰਕ ਨਹੀਂ ਕਰ ਸਕਦਾ। ਇਸ ਦਾ ਮਤਲਬ ਹੈ ਕਿ ਤੁਹਾਡੇ ਘਰ ਜਾਂ ਕੰਮ 'ਤੇ ਨਹੀਂ ਜਾਣਾ, ਕੋਈ ਫੋਨ, ਈਮੇਲ ਨਹੀਂ ਕਰਨਾ, ਜਾਂ ਚਿੱਠੀਆਂ ਨਹੀਂ ਲਿਖਣਾ ਅਤੇ ਕਿਸੇ ਦੋਸਤ ਜਾਂ ਰਿਸ਼ਤੇਦਾਰ ਦੇ ਰਾਹੀਂ ਸੁਨੇਹੇ ਨਹੀਂ ਘੱਲਣਾ। ਇਸ ਵਿਚ ਹੋਰ ਸ਼ਰਤਾਂ ਵੀ ਲਿਖੀਆਂ ਹੋ ਸਕਦੀਆਂ ਹਨ।

ਪੀਸ ਬੌਂਡ ਜਾਂ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਦੀਆਂ ਸ਼ਰਤਾਂ ਦੀ ਪਾਲਣਾ ਨਾ ਕਰਨਾ ਇਕ ਮੁਜਰਮਾਨਾ ਜੁਰਮ ਹੈ। ਜੇ ਤੁਹਾਡੇ ਪਾਰਟਨਰ ਨੂੰ ਦੋਸ਼ੀ ਠਹਿਰਾਇਆ ਜਾਂਦਾ ਹੈ ਤਾਂ ਉਸ ਨੂੰ ਗੰਭੀਰ ਸਿੱਟਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## ਪ੍ਰੋਟੈਕਸ਼ਨ ਆਰਡਰ ਰਜਿਸਟਰੀ
The Protection Order Registry

ਪ੍ਰੋਟੈਕਸ਼ਨ ਆਰਡਰ ਰਜਿਸਟਰੀ, ਇਕ ਗੁਪਤ ਕੰਪਿਊਟਰ ਡੈਟਾਬੇਸ ਹੈ ਜਿਸ ਵਿਚ ਬੀ ਸੀ ਵਿਚਲੇ ਸਾਰੇ ਪ੍ਰੋਟੈਕਸ਼ਨ ਆਰਡਰ (ਪੀਸ ਬੌਂਡਾਂ ਸਮੇਤ) ਹੁੰਦੇ ਹਨ। ਸਾਰੇ ਹਿਫਾਜ਼ਤੀ ਆਰਡਰ ਜੱਜ ਵਲੋਂ ਉਨ੍ਹਾਂ ’ਤੇ ਦਸਖਤ ਕਰਨ ਤੋਂ ਬਾਅਦ ਅਦਾਲਤ ਵਲੋਂ ਰਜਿਸਟਰੀ ਵਿਚ ਦਾਖਲ ਕੀਤੇ ਜਾਂਦੇ ਹਨ। ਜੇ ਤੁਸੀਂ ਪੁਲੀਸ ਨੂੰ ਇਹ ਕਹਿਣ ਲਈ ਫੋਨ ਕਰਦੇ ਹੋ ਕਿ ਤੁਹਾਡੇ ਪਾਰਟਨਰ ਨੇ ਪ੍ਰੋਟੈਕਸ਼ਨ ਆਰਡਰ ਦੀ ਪਾਲਣਾ ਨਹੀਂ ਕੀਤੀ ਤਾਂ ਪੁਲੀਸ ਫੌਰਨ ਆਰਡਰ ਬਾਰੇ ਤਾਜ਼ਾ ਜਾਣਕਾਰੀ ਲੈ ਸਕਦੀ ਹੈ। ਫਿਰ ਉਹ ਆਰਡਰ ਨੂੰ ਫੌਰੀ ਲਾਗੂ ਕਰਨ ਲਈ ਕਾਰਵਾਈ ਕਰ ਸਕਦੀ ਹੈ।

ਤੁਸੀਂ ਵਿਕਟਿਮਲਿੰਕ ਬੀ ਸੀ ਨੂੰ 1-800-563-0808 ’ਤੇ (ਮੁਫਤ) ਫੋਨ ਕਰਕੇ ਇਹ ਪੱਕਾ ਪਤਾ ਕਰ ਸਕਦੇ ਹੋ ਕਿ ਕੀ ਤੁਹਾਡਾ ਪੀਸ ਬੌਂਡ ਜਾਂ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਡੈਟਾਬੇਸ ਵਿਚ ਰਜਿਸਟਰ ਹੈ।

# ਮੈਨੂੰ ਕਿਸ ਦੀ ਚੋਣ ਕਰਨੀ ਚਾਹੀਦੀ ਹੈ?
Which one should I choose?

ਇਹ ਫੈਸਲਾ ਕਰਨਾ ਤੁਹਾਡੇ ’ਤੇ ਨਿਰਭਰ ਕਰ ਸਕਦਾ ਹੈ ਕਿ ਕੀ ਪੀਸ ਬੌਂਡ ਅਤੇ/ਜਾਂ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਤੁਹਾਡੀ ਬਿਹਤਰ ਰੱਖਿਆ ਕਰੇਗਾ। ਅੱਗੇ ਦਿੱਤਾ ਚਾਰਟ ਇਹ ਫੈਸਲਾ ਕਰਨ ਵਿਚ ਤੁਹਾਡੀ ਮਦਦ ਕਰ ਸਕਦਾ ਹੈ ਕਿ ਇਨ੍ਹਾਂ ਦੋਨਾਂ ਆਰਡਰਾਂ ਦੀਆਂ ਕਿਸਮਾਂ ਵਿਚਕਾਰ ਕਿਹੜੇ ਮਹੱਤਵਪੂਰਨ ਫਰਕ ਹਨ।

ਤੁਸੀਂ ਇੱਕੋ ਸਮੇਂ ਪੀਸ ਬੌਂਡ ਅਤੇ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਦੋਨੋਂ ਲੈਣ ਦੀ ਕੋਸ਼ਿਸ਼ ਕਰ ਸਕਦੇ ਹੋ। ਪੀਸ ਬੌਂਡ ਲਈ ਅਰਜ਼ੀਆਂ ਦਾ ਫੈਸਲਾ ਕ੍ਰਿਮੀਨਲ ਕੋਰਟ ਵਿਚ ਕੀਤਾ ਜਾਂਦਾ ਹੈ ਅਤੇ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਲਈ ਅਰਜ਼ੀਆਂ ਦੇ ਫੈਸਲੇ ਫੈਮਿਲੀ ਕੋਰਟ ਵਿਚ ਹੁੰਦੇ ਹਨ। ਜੇ ਤੁਸੀਂ ਦੋਨੋਂ ਕਿਸਮਾਂ ਦੇ ਹਿਫਾਜ਼ਤੀ ਆਰਡਰ ਲੈਣਾ ਚਾਹੁੰਦੇ ਹੋਵੋ ਤਾਂ ਦੋ ਵੱਖਰੀਆਂ ਅਦਾਲਤੀ ਕਾਰਵਾਈਆਂ ਕਰਨ ਦੀ ਲੋੜ ਪਵੇਗੀ।

ਪੀਸ ਬੌਂਡਾਂ ਬਾਰੇ ਜ਼ਿਆਦਾ ਜਾਣਕਾਰੀ ਲਈ, ਚੈਪਟਰ 3 ਦੇਖੋ। ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰਾਂ ਬਾਰੇ ਜ਼ਿਆਦਾ ਜਾਣਕਾਰੀ ਲਈ, ਚੈਪਟਰ 4 ਦੇਖੋ।



# ਪੀਸ ਬੌਂਡ
Peace Bonds

**ਤੁਹਾਡੀ ਕਿਸੇ ਤੋਂ ਵੀ ਰੱਖਿਆ ਕਰਨ ਲਈ ਆਰਡਰ ਕੀਤੇ ਜਾ ਸਕਦੇ ਹਨ,** ਜਿਸ ਵਿਚ ਸ਼ਾਮਲ ਹਨ:

- "ਪਰਿਵਾਰ ਦੇ ਮੈਂਬਰ,"
- ਜਿਸ ਨਾਲ ਤੁਸੀਂ ਡੇਟ ਕੀਤਾ ਹੈ, ਜਿਵੇਂ ਕਿ ਬੋਆਇਫਰੈਂਡ ਜਾਂ ਐਕਸ-ਬੋਆਇਫਰੈਂਡ,
- ਕੋਈ ਸਾਥੀ ਵਰਕਰ, ਜਾਂ ਤੁਹਾਨੂੰ ਨਹੀਂ ਜਾਣਦਾ ਕੋਈ ਜਿਹੜਾ ਤੁਹਾਨੂੰ ਪਰੇਸ਼ਾਨ ਕਰ ਰਿਹਾ ਹੈ।

(ਪਰਿਵਾਰ ਦੇ ਮੈਂਬਰ ਦੀ ਪੂਰੀ ਪਰਿਭਾਸ਼ਾ ਲਈ ਸਫਾ 44 'ਤੇ ਸ਼ਬਦਾਂ ਦੇ ਅਰਥ ਦੇਖੋ।)

**ਅੱਗੇ ਲਿਖਿਆਂ ਦੀ ਰੱਖਿਆ ਕਰ ਸਕਦਾ ਹੈ:**

- ਤੁਹਾਡੀ,
- ਤੁਹਾਡੇ ਬੱਚਿਆਂ ਦੀ,
- ਤੁਹਾਡੇ ਮੌਜੂਦਾ ਪਾਰਟਨਰ ਦੀ, ਅਤੇ/ਜਾਂ
- ਤੁਹਾਡੀ ਪ੍ਰਾਪਰਟੀ ਦੀ।

**ਪੀਸ ਬੌਂਡ ਦਾ ਮੰਤਵ ਉਦੋਂ ਤੁਹਾਡੀ ਰੱਖਿਆ ਕਰਨਾ ਹੈ ਜਦੋਂ ਤੁਸੀਂ ਆਪਣੀ ਸੇਫਟੀ,** ਆਪਣੇ ਬੱਚਿਆਂ ਦੀ ਸੇਫਟੀ ਅਤੇ/ਜਾਂ ਆਪਣੇ ਮੌਜੂਦਾ ਪਾਰਟਨਰ ਦੀ ਸੇਫਟੀ ਲਈ ਡਰੇ ਹੋਏ ਹੁੰਦੇ ਹੋ।

ਇਸ ਦਾ ਮਤਲਬ ਹੈ ਕਿ ਤੁਸੀਂ ਡਰਦੇ ਹੋ ਕਿ ਕੋਈ ਤੁਹਾਨੂੰ ਕਿਸੇ ਨੂੰ ਨੁਕਸਾਨ ਪਹੁੰਚਾ ਸਕਦਾ ਹੈ, ਤੁਹਾਡੀ ਜਾਇਦਾਦ ਨੂੰ ਨੁਕਸਾਨ ਪਹੁੰਚਾ ਸਕਦਾ ਹੈ, ਜਾਂ ਤੁਹਾਡੇ ਬਾਰੇ ਪਰੇਸ਼ਾਨ ਕਰਨ ਵਾਲੀ ਜਾਂ ਕਾਮੁਕ ਸਾਮੱਗਰੀ ਵੰਡ ਸਕਦਾ ਹੈ।

**ਪੀਸ ਬੌਂਡ ਮੰਗਣ ਲਈ ਤੁਸੀਂ ਲੋਕਲ ਪੁਲੀਸ ਜਾਂ ਆਰ ਸੀ ਐੱਮ ਪੀ ਨੂੰ ਫੋਨ ਕਰਦੇ ਹੋ।** ਤੁਹਾਨੂੰ ਵਕੀਲ ਦੀ ਲੋੜ ਨਹੀਂ ਹੈ। ਜੇ ਪੀਸ ਬੌਂਡ ਲਈ ਅਰਜ਼ੀ ਸ਼ੁਰੂ ਹੁੰਦੀ ਹੈ ਤਾਂ ਕਰਾਊਨ ਕੌਂਸਲ ਇਸ ਵਿਚ ਸ਼ਾਮਲ ਹੋਵੇਗਾ।

(ਜਦੋਂ ਪੁਲੀਸ ਪੀਸ ਬੌਂਡ ਲਈ ਅਪਲਾਈ ਕਰਨ ਬਾਰੇ ਕਰਾਊਨ ਕੌਂਸਲ ਨੂੰ ਨਾ ਕਹਿਣ ਦਾ ਫੈਸਲਾ ਕਰਦੀ ਹੈ ਤਾਂ ਪੀਸ ਬੌਂਡ ਲਈ ਅਪਲਾਈ ਕਰਨ ਬਾਰੇ ਜਾਣਕਾਰੀ ਲਈ ਸਫਾ 16 ਦੇਖੋ।)

**ਜੇ ਅਦਾਲਤ ਵਿਚ ਸੁਣਵਾਈ ਹੋਈ** ਤਾਂ ਇਹ ਕ੍ਰਿਮੀਨਲ ਕੋਰਟ ਵਿਚ ਹੋਵੇਗੀ।

# ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ
Family Law Protection Orders

**ਸਿਰਫ “ਪਰਿਵਾਰ ਦੇ ਮੈਂਬਰ” ਦੇ ਖਿਲਾਫ ਆਰਡਰ ਕੀਤੇ ਜਾ ਸਕਦੇ ਹਨ,** ਜਿਸ ਵਿਚ ਸ਼ਾਮਲ ਹਨ:

- ਤੁਹਾਡਾ ਪਾਰਟਨਰ ਜਾਂ ਸਾਬਕਾ ਪਾਰਟਨਰ,
- ਤੁਹਾਡੇ ਬੱਚੇ ਦਾ ਮਾਪਾ ਜਾਂ ਗਾਰਡੀਅਨ,
- ਤੁਹਾਡੇ ਪਾਰਟਨਰ ਦਾ ਕੋਈ ਰਿਸ਼ਤੇਦਾਰ, ਜਾਂ ਤੁਹਾਡੇ ਬੱਚੇ ਦੇ ਮਾਪੇ ਜਾਂ ਗਾਰਡੀਅਨ ਦਾ ਰਿਸ਼ਤੇਦਾਰ, ਜਾਂ
- ਤੁਹਾਡਾ ਕੋਈ ਰਿਸ਼ਤੇਦਾਰ ਜੋ ਤੁਹਾਡੇ ਨਾਲ ਰਹਿੰਦਾ ਹੈ।

(ਪਰਿਵਾਰ ਦੇ ਮੈਂਬਰ ਦੀ ਪੂਰੀ ਪ੍ਰੀਭਾਸ਼ਾ ਲਈ ਸਫਾ 44 ’ਤੇ ਸ਼ਬਦਾਂ ਦੇ ਅਰਥ ਦੇਖੋ।)

**ਆਰਡਰ ਅੱਗੇ ਲਿਖੇ ਲੋਕਾਂ ਦੀ ਰੱਖਿਆ ਕਰ ਸਕਦਾ ਹੈ:**

- ਤੁਹਾਡੀ, ਤੁਹਾਡੇ ਬੱਚਿਆਂ ਦੀ ਅਤੇ ਤੁਹਾਡੇ ਨਾਲ ਰਹਿੰਦੇ ਪਰਿਵਾਰ ਦੇ ਹੋਰ ਮੈਂਬਰਾਂ ਦੀ, ਅਤੇ
- ਤੁਹਾਡੇ ਘਰ ਵਿਚ, ਤੁਹਾਡੇ ਪਾਰਟਨਰ ਦੇ ਘਰ ਵਿਚ, ਜਾਂ ਤੁਹਾਡੇ ਬੱਚੇ ਦੇ ਮਾਪੇ ਜਾਂ ਗਾਰਡੀਅਨ ਦੇ ਘਰ ਵਿਚ ਰਹਿੰਦੇ ਹੋਰ ਬੱਚਿਆਂ ਦੀ।

**ਆਰਡਰ ਦਾ ਮਕਸਦ ਤੁਹਾਡੀ ਪਰਿਵਾਰ ਦੇ ਕਿਸੇ ਮੈਂਬਰ ਤੋਂ ਰੱਖਿਆ ਕਰਨਾ ਹੈ ਜਿਸ ਨੂੰ ਕਾਨੂੰਨ “ਪਰਿਵਾਰਕ ਹਿੰਸਾ” ਕਹਿੰਦਾ ਹੈ,** ਜਿਸ ਵਿਚ ਸ਼ਾਮਲ ਹੈ:

- ਸਰੀਰਕ ਬੁਰਾ ਵਰਤਾਉ (ਜਾਂ ਬੁਰੇ ਵਰਤਾਉ ਦੀਆਂ ਕੋਸ਼ਿਸ਼ਾਂ),
- ਕਾਮੁਕ ਬੁਰਾ ਵਰਤਾਉ (ਜਾਂ ਕੋਸ਼ਿਸ਼ਾਂ),
- ਜਜ਼ਬਾਤੀ ਜਾਂ ਮਾਨਸਿਕ ਬੁਰਾ ਵਰਤਾਉ, ਅਤੇ
- ਬੱਚਿਆਂ ਵਲੋਂ ਪਰਿਵਾਰਕ ਹਿੰਸਾ ਦੇਖਣਾ।

(ਪਰਿਵਾਰਕ ਹਿੰਸਾ ਦੀ ਪੂਰੀ ਪਰਿਭਾਸ਼ਾ ਲਈ ਸਫਾ 44 ’ਤੇ ਸ਼ਬਦਾਂ ਦੇ ਅਰਥ ਦੇਖੋ।)

**ਤੁਸੀਂ ਆਰਡਰ ਲਈ ਅਦਾਲਤ ਕੋਲ ਵਕੀਲ ਨਾਲ ਜਾਂ ਬਿਨਾਂ ਵਕੀਲ ਦੇ ਅਪਲਈ ਕਰ ਸਕਦੇ ਹੋ** — ਇਹ ਤੁਹਾਡੀ ਮਰਜ਼ੀ ਹੈ ਪਰ ਵਕੀਲ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਜੇ ਤੁਸੀਂ ਲੀਗਲ ਏਡ ਰਾਹੀਂ ਵਕੀਲ ਲਈ ਹੱਕਦਾਰ ਨਹੀਂ ਹੋ ਤਾਂ ਵਕੀਲ ਦੀਆਂ ਫੀਸਾਂ ਦੇਣ ਲਈ ਤੁਸੀਂ ਜ਼ਿੰਮੇਵਾਰ ਹੋ।

(ਲੀਗਲ ਏਡ ਬਾਰੇ ਜ਼ਿਆਦਾ ਜਾਣਕਾਰੀ ਲਈ ਸਫਾ 38 ਦੇਖੋ।)

ਫੈਮਿਲੀ ਕੋਰਟ ਵਿਚ **ਅਦਾਲਤੀ ਸੁਣਵਾਈ ਹੋਵੇਗੀ।**

# ਪੀਸ ਬੌਂਡ
Peace Bonds

**ਅਪਲਾਈ ਕਰਨ ਦੀ ਕੋਈ ਫੀਸ ਨਹੀਂ ਹੈ।**

**ਪੀਸ ਬੌਂਡ ਇਕ ਸਾਲ ਤੱਕ ਰਹਿੰਦਾ ਹੈ** ਪਰ ਖਾਸ ਹਾਲਤਾਂ ਅਧੀਨ ਤੁਸੀਂ ਇਕ ਹੋਰ ਪੀਸ ਬੌਂਡ ਲੈਣ ਲਈ ਕਹਿ ਸਕਦੇ ਹੋ (ਸਫਾ 22 ਦੇਖੋ)।

**ਬੀ ਸੀ ਤੋਂ ਲਿਆ ਪੀਸ ਬੌਂਡ ਲੋਕਲ ਪੁਲੀਸ ਅਤੇ ਆਰ ਸੀ ਐੱਮ ਪੀ ਵਲੋਂ ਬੀ ਸੀ ਵਿਚ ਕਿਤੇ ਵੀ ਅਤੇ ਬਾਕੀ ਕੈਨੇਡਾ ਵਿਚ ਲਾਗੂ ਕੀਤਾ ਜਾ ਸਕਦਾ ਹੈ।**

(ਇਸ ਦਾ ਮਤਲਬ ਹੈ ਕਿ ਪੁਲੀਸ ਆਰਡਰ ਵਿਚ ਲਿਖੇ ਨਾਂ ਵਾਲੇ ਵਿਅਕਤੀ ਨੂੰ ਗ੍ਰਿਫਤਾਰ ਕਰ ਸਕਦੀ ਹੈ ਜੇ ਉਹ ਆਰਡਰ ਦੀ ਪਾਲਣਾ ਨਹੀਂ ਕਰਦਾ।)

## ਜੇਲ੍ਹ ਤੋਂ ਰਿਹਾਈ ਬਾਰੇ ਜਾਣੂ ਹੋਵੋ
Be alerted about a release from jail

ਤੁਹਾਡੇ ਆਰਡਰ ਵਿਚਲਾ ਵਿਅਕਤੀ ਸੂਬਾਈ ਜੇਲ੍ਹ ਵਿਚ ਸਜ਼ਾ ਕੱਟ ਰਿਹਾ ਹੋ ਸਕਦਾ ਹੈ। ਤੁਸੀਂ ਵਿਕਟਿਮ ਸੇਫਟੀ ਯੂਨਿਟ ਦੇ ਕੇਸ ਵਰਕਰ ਵਲੋਂ ਇਹ ਦੱਸੇ ਜਾਣ ਦਾ ਪ੍ਰਬੰਧ ਕਰ ਸਕਦੇ ਹੋ ਕਿ ਜਦੋਂ ਉਸ ਨੂੰ ਰਿਹਾਅ ਕੀਤਾ ਜਾਣਾ ਹੈ ਤਾਂ ਤੁਹਾਡੇ ਨਾਲ ਸੰਪਰਕ ਕੀਤਾ ਜਾਵੇ। ਤੁਹਾਨੂੰ ਵਿਕਟਿਮ ਸੇਫਟੀ ਯੂਨਿਟ ਨੋਟੀਫੀਕੇਸ਼ਨ ਐਪਲੀਕੇਸ਼ਨ ਫਾਰਮ ਭਰਨ ਦੀ ਲੋੜ ਹੈ ਜੋ ਕਿ ਤੁਹਾਡੇ ਨੇੜੇ ਦੇ ਵਿਕਟਿਮ ਸਰਵਿਸਿਜ਼ ਆਫਿਸ ਤੋਂ ਜਾਂ www2.gov.bc.ca/gov/content/justice/criminal-justice/bcs-criminaljustice-system/if-you-are-a-victim-of-a-crime/victim-of-crime/victim-notification ’ਤੇ ਔਨਲਾਈਨ ਮਿਲਦਾ ਹੈ।

ਤੁਸੀਂ ਵਿਕਟਿਮ ਸੇਫਟੀ ਯੂਨਿਟ ਨੂੰ **1-877-315-8882** ’ਤੇ ਸਿੱਧਾ ਫੋਨ ਵੀ ਕਰ ਸਕਦੇ ਹੋ ਅਤੇ ਫੋਨ ’ਤੇ ਅਪਲਾਈ ਕਰ ਸਕਦੇ ਹੋ।

ਨੋਟ: ***ਜਿੱਥੇ*** ਤੁਹਾਡੇ ਆਰਡਰ ਵਿਚਲੇ ਨਾਂ ਵਾਲਾ ਵਿਅਕਤੀ ਪੁਲੀਸ ਕਸਟੱਡੀ ਤੋਂ ਛੱਡਿਆ ਜਾਂਦਾ ਹੈ ਉੱਥੇ ਵਿਕਟਿਮ ਸੇਫਟੀ ਯੂਨਿਟ ਇਸ ਬਾਰੇ ਤੁਹਾਨੂੰ ਦੱਸਣ ਦੇ ਯੋਗ ਨਹੀਂ ਹੈ। ਸਫਾ 18 ’ਤੇ “ਪੁਲੀਸ ਨਾਲ ਜੁੜੇ ਰਹੋ” ਦੇਖੋ।

# ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ
Family Law Protection Orders

**ਸੂਬਾਈ ਅਦਾਲਤ ਵਿਚ ਆਰਡਰ ਲਈ ਅਪਲਾਈ ਕਰਨ ਦੀ ਕੋਈ ਫੀਸ ਨਹੀਂ ਹੈ। ਪਰ, ਸੁਪਰੀਮ ਕੋਰਟ ਵਿਚ ਅਪਲਾਈ ਕਰਨ ਦੀ ਤੁਹਾਨੂੰ ਫੀਸ ਦੇਣੀ ਪਵੇਗੀ।** ਜੇ ਤੁਹਾਨੂੰ ਫੀਸ ਦੇਣਾ ਔਖਾ ਲੱਗੇ ਤਾਂ ਤੁਸੀਂ ਫੀਸ ਮੁਆਫੀ ਲਈ (ਕੈਂਸਲ ਕਰਨ ਲਈ) ਅਪਲਾਈ ਕਰ ਸਕਦੇ ਹੋ। ਦੋਨਾਂ ਅਦਾਲਤਾਂ ਬਾਰੇ ਜ਼ਿਆਦਾ ਜਾਣਕਾਰੀ ਲਈ ਸਫੇ 24 – 25 ਦੇਖੋ।)

**ਆਰਡਰ ਜੱਜ ਵਲੋਂ ਆਰਡਰ 'ਤੇ ਪਾਈ ਖਤਮ ਹੋਣ ਦੀ ਤਾਰੀਕ ਤੱਕ ਰਹਿੰਦਾ ਹੈ।** ਜੇ ਜੱਜ ਆਰਡਰ 'ਤੇ ਖਤਮ ਹੋਣ ਦੀ ਤਾਰੀਕ ਨਹੀਂ ਪਾਉਂਦਾ ਤਾਂ ਇਹ ਇਕ ਸਾਲ ਲਈ ਰਹਿੰਦਾ ਹੈ।

**ਬੀ ਸੀ ਤੋਂ ਲਿਆ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਲੋਕਲ ਪੁਲੀਸ ਅਤੇ ਆਰ ਸੀ ਐੱਮ ਪੀ ਵਲੋਂ ਬੀ ਸੀ ਵਿਚ ਕਿਤੇ ਵੀ ਲਾਗੂ ਕੀਤਾ ਜਾ ਸਕਦਾ ਹੈ।** ਪਰ ਜੇ ਤੁਸੀਂ ਬੀ ਸੀ ਤੋਂ ਬਾਹਰ ਮੂਵ ਹੋ ਜਾਵੋ:

- ਤੁਸੀਂ ਆਪਣਾ ਮੌਜੂਦਾ ਆਰਡਰ ਆਪਣੀ ਨਵੀਂ ਥਾਂ ਦੀਆਂ ਅਦਾਲਤਾਂ ਵਿਚ ਰਜਿਸਟਰ ਕਰਨ ਦੇ ਯੋਗ ਹੋ ਸਕਦੇ ਹੋ, ਜਾਂ
- ਤੁਹਾਨੂੰ ਆਪਣੀ ਨਵੀਂ ਥਾਂ ਵਿਚ ਹੋਰ ਆਰਡਰ ਲਈ ਅਪਲਾਈ ਕਰਨਾ ਪਵੇਗਾ।

# ਚੈਪਟਰ 3: ਪੀਸ ਬੌਂਡ
Chapter 3: Peace Bonds

ਜਦੋਂ ਤੁਸੀਂ ਇਹ ਫੈਸਲਾ ਕਰ ਲਿਆ ਕਿ ਤੁਸੀਂ ਆਪਣੀ, ਆਪਣੇ ਬੱਚਿਆਂ, ਅਤੇ/ਜਾਂ ਮੌਜੂਦਾ ਪਾਰਟਨਰ ਦੀ ਰੱਖਿਆ ਲਈ ਪੀਸ ਬੌਂਡ ਲੈਣਾ ਚਾਹੁੰਦੇ ਹੋ ਤਾਂ ਇਨ੍ਹਾਂ ਕਦਮਾਂ ਦੀ ਪਾਲਣਾ ਕਰੋ।

## ਮੈਂ ਪੀਸ ਬੌਂਡ ਕਿਵੇਂ ਲੈਣਾ ਹੈ?
How do I get a peace bond?

ਆਪਣੀ ਲੋਕਲ ਪੁਲੀਸ ਜਾਂ ਆਰ ਸੀ ਐੱਮ ਪੀ ਨੂੰ ਫੋਨ ਕਰੋ ਅਤੇ ਉਨ੍ਹਾਂ ਨੂੰ ਦੱਸੋ ਕਿ ਤੁਹਾਨੂੰ ਪੀਸ ਬੌਂਡ ਦੀ ਲੋੜ ਹੈ (ਕਾਨੂੰਨੀ ਨਾਂ "810 ਮੁਚੱਲਕਾ" [810 recognizance] ਹੈ)। ਵੈਨਕੂਵਰ ਵਿਚ, ਪੀਸ ਬੌਂਡ ਲੈਣ ਲਈ 911 'ਤੇ ਫੋਨ ਕਰੋ, ਭਾਵੇਂ ਕਿ ਇਹ ਐਮਰਜੰਸੀ ਨਾ ਵੀ ਹੋਵੇ।

ਕੋਈ ਪੁਲੀਸ ਅਫਸਰ ਤੁਹਾਨੂੰ ਇਹ ਪੁੱਛੇਗਾ ਕਿ ਤੁਸੀਂ ਉਸ ਨੂੰ ਇਹ ਦੱਸੋ ਕਿ ਕਿਹੜੀ ਗੱਲ ਹੋਈ ਹੈ ਜਿਸ ਨਾਲ ਤੁਸੀਂ ਡਰੇ ਜਾਂ ਖਤਰੇ ਵਿਚ ਮਹਿਸੂਸ ਕਰਦੇ ਹੋ।

ਪਹਿਲਾਂ ਵਾਪਰੀਆਂ ਘਟਨਾਵਾਂ ਬਾਰੇ ਜੇ ਤੁਸੀਂ ਕੋਈ ਜਾਣਕਾਰੀ ਲਿਖੀ ਹੋਈ ਹੈ ਤਾਂ ਉਹ ਅਫਸਰ ਨੂੰ ਦੱਸੋ, ਜੇ ਤੁਹਾਨੂੰ ਧਮਕਾਉਣ ਵਾਲੀਆਂ ਚਿੱਠੀਆਂ, ਵੋਆਇਸਮੇਲਾਂ, ਜਾਂ ਔਨਲਾਈਨ ਸੁਨੇਹੇ ਮਿਲੇ ਹਨ, ਜਾਂ ਜੇ ਕਿਸੇ ਨੇ ਪਾਰਟਨਰ ਨੂੰ ਹਿੰਸਕ ਹੁੰਦਿਆਂ ਜਾਂ ਤੁਹਾਨੂੰ ਧਮਕੀ ਦਿੰਦਿਆਂ ਦੇਖਿਆ ਹੈ ਤਾਂ ਪੁਲੀਸ ਨੂੰ ਦੱਸੋ।

### ਜਦੋਂ ਤੁਸੀਂ ਪੁਲੀਸ ਨਾਲ ਗੱਲ ਕਰੋ
When you speak to the police

ਚੇਤੇ ਨਾਲ ਪੁਲੀਸ ਫਾਇਲ ਨੰਬਰ ਅਤੇ ਅਫਸਰ ਦਾ ਨਾਂ ਲਿਖ ਲਵੋ। ਜੇ ਤੁਹਾਡੇ ਮਨ ਵਿਚ ਕੋਈ ਸਵਾਲ ਜਾਂ ਫਿਕਰ ਹੋਵੇ ਤਾਂ ਉਸੇ ਅਫਸਰ ਨਾਲ ਗੱਲ ਕਰਨ ਵਿਚ ਸੌਖ ਹੈ ਜੋ ਕਿ ਤੁਹਾਡੇ ਅਤੇ ਤੁਹਾਡੇ ਕੇਸ ਤੋਂ ਜਾਣੂ ਹੋਵੇਗਾ।

# ਅਗਾਂਹ ਕੀ ਹੁੰਦਾ ਹੈ?
## What happens next?

ਜੇ ਪੁਲੀਸ ਅਫਸਰ ਇਸ ਗੱਲ ਨਾਲ ਸਹਿਮਤ ਹੁੰਦਾ ਹੈ ਕਿ ਤੁਹਾਡੇ ਡਰਨ ਦਾ ਵਾਜਬ ਕਾਰਨ ਹੈ ਤਾਂ ਉਹ ਅਫਸਰ, ਬੀ ਸੀ ਪ੍ਰੌਸੀਕਿਊਸ਼ਨ ਸਰਵਿਸ ਦੇ ਕਰਾਊਨ ਕੌਂਸਲ ਨੂੰ ਇਕ ਰਿਪੋਰਟ ਭੇਜੇਗਾ ਜਿਸ ਵਿਚ ਤੁਹਾਡੀ ਹਾਲਤ ਬਾਰੇ ਦੱਸਿਆ ਗਿਆ ਹੋਵੇਗਾ ਅਤੇ ਇਹ ਵੀ ਦੱਸਿਆ ਗਿਆ ਹੋਵੇਗਾ ਕਿ ਤੁਸੀਂ ਪੀਸ ਬੌਂਡ ਦੀ ਹਿਫਾਜ਼ਤ ਦੀ ਲੋੜ ਕਿਉਂ ਮਹਿਸੂਸ ਕਰਦੇ ਹੋ।

ਰਿਪੋਰਟ ਵਿਚ ਇਹ ਸ਼ਾਮਲ ਹੋਵੇਗਾ ਕਿ ਪੀਸ ਬੌਂਡ ਵਿਚ ਤੁਸੀਂ ਕਿਹੜੀਆਂ ਸ਼ਰਤਾਂ ਚਾਹੁੰਦੇ ਹੋ। ਉਦਾਹਰਣ ਵਜੋਂ, ਤੁਸੀਂ ਪੀਸ ਬੌਂਡ ਵਿਚ ਇਹ ਕਹਿਣਾ ਚਾਹੁੰਦੇ ਹੋ ਸਕਦੇ ਹੋ ਕਿ ਤੁਹਾਡਾ ਪਾਰਟਨਰ ਤੁਹਾਡੇ ਨਾਲ, ਤੁਹਾਡੇ ਬੱਚਿਆਂ ਨਾਲ, ਅਤੇ/ਜਾਂ ਤੁਹਾਡੇ ਮੌਜੂਦਾ ਪਾਰਟਨਰ ਨਾਲ ਕੋਈ ਸੰਪਰਕ ਨਹੀਂ ਕਰ ਸਕਦਾ।

ਕਰਾਊਨ ਕੌਂਸਲ ਇਹ ਦੇਖਣ ਲਈ ਰਿਪੋਰਟ 'ਤੇ ਵਿਚਾਰ ਕਰੇਗਾ ਕਿ ਕੀ ਇਸ ਗੱਲ ਦੀ ਸੰਭਾਵਨਾ ਹੈ ਕਿ ਜੱਜ ਪੀਸ ਬੌਂਡ ਦਾ ਆਰਡਰ ਕਰੇਗਾ। ਜੇ ਕਰਾਊਨ ਕੌਂਸਲ ਇਹ ਫੈਸਲਾ ਕਰਦਾ ਹੈ ਕਿ ਇਸ ਗੱਲ ਦੀ ਸੰਭਾਵਨਾ ਹੈ ਤਾਂ ਉਹ "ਇਨਫਰਮੇਸ਼ਨ" ਤਿਆਰ ਕਰਨਗੇ। ਇਨਫਰਮੇਸ਼ਨ ਉਹ ਦਸਤਾਵੇਜ਼ ਹੈ ਜਿਹੜੀ ਪੀਸ ਬੌਂਡ ਲਈ ਅਪਲਾਈ ਕਰਨ ਲਈ ਅਦਾਲਤ ਦੀ ਕਾਰਵਾਈ ਸ਼ੁਰੂ ਕਰਦਾ ਹੈ। ਇਸ ਨੂੰ "ਸਵੀਰਿੰਗ ਦਿ ਇਨਫਰਮੇਸ਼ਨ" ਆਖਿਆ ਜਾਂਦਾ ਹੈ। ਜੇ ਇਨਫਰਮੇਸ਼ਨ ਦੀ ਸਹੁੰ ਖਾਧੀ ਜਾਂਦੀ ਹੈ ਤਾਂ ਜੱਜ ਜਾਂ ਜਸਟਿਸ ਆਫ ਦਿ ਪੀਸ ਤੁਹਾਡੇ ਪਾਰਟਨਰ ਦੇ ਗ੍ਰਿਫਤਾਰੀ ਵਾਰੰਟ ਜਾਂ ਸੰਮਨ ਜਾਰੀ ਕਰੇਗਾ। ਦੋਵੇਂ ਤਰ੍ਹਾਂ ਤੁਹਾਡੇ ਪਾਰਟਨਰ ਨੂੰ ਪੀਸ ਬੌਂਡ ਦਾ ਉੱਤਰ ਦੇਣ ਲਈ ਅਦਾਲਤ ਵਿਚ ਹਾਜ਼ਰ ਹੋਣਾ ਪਵੇਗਾ। ਜੇ ਤੁਹਾਡਾ ਪਾਰਟਨਰ ਪੀਸ ਬੌਂਡ ਲਈ ਸਹਿਮਤੀ ਨਹੀਂ ਦਿੰਦਾ ਤਾਂ ਅਰਜ਼ੀ ਲਈ ਅਦਾਲਤ ਦੀ ਤਾਰੀਕ ਮਿੱਥੀ ਜਾਵੇਗੀ।



# ਜੇ ਪੁਲੀਸ ਕਰਾਊਨ ਕੌਂਸਲ ਨੂੰ ਪੀਸ ਬੌਂਡ ਲਈ ਅਪਲਾਈ ਕਰਨ ਲਈ ਕਹਿਣ ਨਾਲ ਸਹਿਮਤ ਨਾ ਹੋਵੇ ਤਾਂ ਕੀ ਹੋਵੇਗਾ?

What if the police don't agree to ask Crown counsel to apply for a peace bond?

- ਤੁਸੀਂ ਕਿਸੇ ਵਕੀਲ ਦੀ ਸਲਾਹ ਲੈ ਸਕਦੇ ਹੋ (ਤੁਹਾਨੂੰ ਵਕੀਲ ਦੀਆਂ ਫੀਸਾਂ ਦੇਣੀਆਂ ਪੈਣਗੀਆਂ) ਜਾਂ ਤੁਸੀਂ ਨੇੜੇ ਦੇ ਕੋਰਟਹਾਊਸ ਦੀ ਕੋਰਟ ਰਜਿਸਟਰੀ ਵਿਚ ਜਾ ਸਕਦੇ ਹੋ ਅਤੇ ਜਸਟਿਸ ਆਫ ਦਿ ਪੀਸ ਨਾਲ ਗੱਲ ਕਰਨ ਲਈ ਕਹਿ ਸਕਦੇ ਹੋ। (ਵੈਨਕੂਵਰ ਵਿਚ, 222 ਮੇਨ ਸਟਰੀਟ ਉੱਪਰ ਸੂਬਾਈ ਕ੍ਰਿਮੀਨਲ ਕੋਰਟ ਵਿਚ ਜਾਉ।) ਜਸਟਿਸ ਆਫ ਦਿ ਪੀਸ ਤੁਹਾਨੂੰ ਅਜਿਹੇ ਦਸਤਾਵੇਜ਼ ਦੇ ਸਕਦਾ ਹੈ ਜਿਨ੍ਹਾਂ ਦੀ ਤੁਹਾਨੂੰ ਆਪਣੇ ਆਪ ਸਵੀਅਰ ਇਨ ਇਨਫਰਮੇਸ਼ਨ ਕਰਨ ਲਈ ਲੋੜ ਹੈ। ਫਿਰ, ਇਕ ਜੱਜ ਇਹ ਫੈਸਲਾ ਕਰੇਗਾ ਕਿ ਕੀ ਤੁਹਾਡੇ ਪਾਰਟਨਰ ਲਈ ਗ੍ਰਿਫਤਾਰੀ ਦੇ ਵਰੰਟ ਜਾਰੀ ਕਰਨੇ ਹਨ ਜਾਂ ਸੰਮਨ ਜਾਰੀ ਕਰਨੇ ਹਨ। ਜੇ ਜੱਜ ਮਨਜ਼ੂਰ ਕਰਦਾ ਹੈ ਤਾਂ ਕਰਾਊਨ ਕੌਂਸਲ ਆਮ ਤੌਰ 'ਤੇ ਕੇਸ ਲਵੇਗਾ ਅਤੇ ਅਦਾਲਤ ਨੂੰ ਸਿਫਾਰਸ਼ਾਂ ਕਰੇਗਾ।

# ਗ੍ਰਿਫਤਾਰੀ ਦੇ ਵਰੰਟ ਅਤੇ ਸੰਮਨਾਂ ਵਿਚ ਕੀ ਫਰਕ ਹੈ?

What's the difference between an arrest warrant and a summons?

ਤੁਹਾਡੇ ਪਾਰਟਨਰ ਨੂੰ ਜਾਂ ਤਾਂ ਗ੍ਰਿਫਤਾਰ ਅਤੇ ਰਿਹਾ ਕੀਤਾ ਜਾਵੇਗਾ (ਆਮ ਤੌਰ 'ਤੇ ਕੁਝ ਸ਼ਰਤਾਂ ਨਾਲ), ਜਾਂ ਅਦਾਲਤ ਵਿਚ ਆਉਣ ਲਈ (ਸੰਮਨ) ਸੱਦਿਆ ਜਾਵੇਗਾ।

## ਗ੍ਰਿਫਤਾਰੀ ਦੇ ਵਰੰਟ

An arrest warrant

ਜੇ ਕਰਾਊਨ ਕੌਂਸਲ ਇਹ ਫੈਸਲਾ ਕਰਦਾ ਹੈ ਕਿ ਤੁਹਾਨੂੰ, ਤੁਹਾਡੇ ਬੱਚਿਆਂ, ਤੁਹਾਡੇ ਮੌਜੂਦਾ ਪਾਰਟਨਰ, ਅਤੇ/ਜਾਂ ਤੁਹਾਡੀ ਪ੍ਰਾਪਰਟੀ ਨੂੰ ਫੌਰੀ ਹਿਫਾਜ਼ਤ ਦੀ ਲੋੜ ਹੈ ਤਾਂ ਉਹ ਜਸਟਿਸ ਆਫ ਦਿ ਪੀਸ ਜਾਂ ਜੱਜ ਨੂੰ ਗ੍ਰਿਫਤਾਰੀ ਦੇ ਵਰੰਟ ਦੇਣ ਲਈ ਕਹੇਗਾ। ਗ੍ਰਿਫਤਾਰੀ ਦੇ ਵਰੰਟ ਅਦਾਲਤ ਦਾ ਇਕ ਦਸਤਾਵੇਜ਼ ਹੈ ਜੋ ਕਿ ਤੁਹਾਡੇ ਪਾਰਟਨਰ ਨੂੰ ਪੁਲੀਸ ਹਿਰਾਸਤ ਵਿਚ ਲੈਣ ਦੀ ਆਗਿਆ ਦਿੰਦਾ ਹੈ ਜਦੋਂ ਹੀ ਪੁਲੀਸ ਉਸ ਨੂੰ ਲੱਭ ਲੈਂਦੀ ਹੈ। ਉਸ ਦੇ ਗ੍ਰਿਫਤਾਰ ਹੋ ਜਾਣ ਤੋਂ ਬਾਅਦ ਦੋ ਚੀਜ਼ਾਂ ਵਿਚੋਂ ਇਕ ਹੋਵੇਗੀ:

- ਉਸ ਨੂੰ ਛੇਤੀ ਬਾਅਦ ਵਿਚ ਪੁਲੀਸ ਦੀ ਹਿਰਾਸਤ ਵਿੱਚੋਂ ਛੱਡ ਦਿੱਤਾ ਜਾਵੇਗਾ ਅਤੇ ਪੀਸ ਬੌਂਡ ਦੀ ਸੁਣਵਾਈ ਹੋਣ ਤੱਕ ਖਾਸ "ਰਿਹਾਈ ਦੀਆਂ ਸ਼ਰਤਾਂ" ਦੀ ਪਾਲਣਾ ਕਰਨੀ ਪਵੇਗੀ, ਜਾਂ

- ਉਸ ਨੂੰ 24 ਘੰਟਿਆਂ ਤੱਕ ਪੁਲੀਸ ਹਿਰਾਸਤ ਵਿਚ ਰੱਖਿਆ ਜਾਵੇਗਾ ਅਤੇ ਜ਼ਮਾਨਤ ਦੀ ਸੁਣਵਾਈ ਲਈ ਅਦਾਲਤ ਵਿਚ ਲਿਆਂਦਾ ਜਾਵੇਗਾ (ਤੁਹਾਨੂੰ ਜਾਣ ਦੀ ਲੋੜ ਨਹੀਂ ਹੈ)। ਅਦਾਲਤ ਉਸ ਨੂੰ ਸ਼ਰਤਾਂ ਨਾਲ ਰਿਹਾ ਕਰਨ ਦਾ ਫੈਸਲਾ ਕਰੇਗੀ ਜਾਂ ਪੀਸ ਬੌਂਡ ਦੀ ਸੁਣਵਾਈ ਤੱਕ ਉਸ ਨੂੰ ਕਸਟੱਡੀ ਵਿਚ ਰੱਖ ਸਕਦੀ ਹੈ।

ਰਿਹਾਈ ਦੀਆਂ ਸ਼ਰਤਾਂ ਵਿਚ ਆਮ ਤੌਰ 'ਤੇ ਇਹ ਸ਼ਾਮਲ ਹੋਣ ਦੀ ਸੰਭਾਵਨਾ ਹੈ ਕਿ ਤੁਹਾਡੇ ਨਾਲ ਅਤੇ ਪੀਸ ਬੌਂਡ ਦੀ ਅਰਜ਼ੀ ਵਿਚ ਲਿਖੇ ਗਏ ਕਿਸੇ ਹੋਰ ਵਿਅਕਤੀ ਨਾਲ ਕੋਈ ਸਿੱਧਾ ਜਾਂ ਅਸਿੱਧਾ ਸੰਪਰਕ ਨਹੀਂ ਕੀਤਾ ਜਾਵੇਗਾ। ਇਸ ਦਾ ਮਤਲਬ ਹੈ ਕਿ ਕੋਈ ਆਹਮੋ ਸਾਹਮਣੇ ਦਾ ਸੰਪਰਕ ਨਹੀਂ, ਕੋਈ ਫੋਨ ਕਾਲਾਂ ਜਾਂ ਔਨਲਾਈਨ ਸੁਨੇਹੇ ਨਹੀਂ, ਚਿੱਠੀਆਂ ਨਹੀਂ ਜਾਂ ਕਿਸੇ ਦੋਸਤ ਜਾਂ ਰਿਸ਼ਤੇਦਾਰ ਰਾਹੀਂ ਕੋਈ ਸੁਨੇਹੇ ਨਹੀਂ। ਰਿਹਾਈ ਦੀਆਂ ਸ਼ਰਤਾਂ ਇਹ ਵੀ ਮੰਗ ਕਰ ਸਕਦੀਆਂ ਹਨ ਕਿ ਉਹ ਕੁਝ ਖਾਸ ਥਾਂਵਾਂ ਤੋਂ ਪਰ੍ਹੇ ਰਹੇ, ਜਿਵੇਂ ਕਿ ਤੁਹਾਡਾ ਘਰ ਜਾਂ ਕੰਮ। ਉਸ ਨੂੰ ਇਹ ਵੀ ਆਰਡਰ ਕੀਤਾ ਜਾ ਸਕਦਾ ਹੈ ਕਿ ਉਹ ਡਰੱਗਾਂ ਜਾਂ ਸ਼ਰਾਬ ਦੀ ਵਰਤੋਂ ਨਹੀਂ ਕਰ ਸਕਦਾ ਜਾਂ ਬੰਦੂਕਾਂ ਜਾਂ ਹਥਿਆਰ ਨਹੀਂ ਰੱਖ ਸਕਦਾ।

ਜੇ ਤੁਹਾਡਾ ਪਾਰਟਨਰ ਰਿਹਾਈ ਦੀਆਂ ਸ਼ਰਤਾਂ ਦੀ ਪਾਲਣਾ ਨਹੀਂ ਕਰਦਾ ਤਾਂ ਉਸ ਨੂੰ ਦੁਬਾਰਾ ਗ੍ਰਿਫਤਾਰ ਕੀਤਾ ਜਾ ਸਕਦਾ ਹੈ ਅਤੇ ਸ਼ਰਤਾਂ ਦੀ "ਉਲੰਘਣਾ" ਕਰਨ ਦੇ ਜੁਰਮ ਲਈ ਚਾਰਜ ਕੀਤਾ ਜਾ ਸਕਦਾ ਹੈ।

ਰਿਹਾਈ ਦੀਆਂ ਸ਼ਰਤਾਂ, ਅਦਾਲਤ ਵਲੋਂ ਪੀਸ ਬੌਂਡ ਵਿਚ ਆਰਡਰ ਕੀਤੀਆਂ ਗਈਆਂ ਸ਼ਰਤਾਂ ਨਾਲੋਂ ਵੱਖਰੀਆਂ ਹੁੰਦੀਆਂ ਹਨ। ਜੇ ਤੁਹਾਨੂੰ ਆਪਣੇ ਪੀਸ ਬੌਂਡ ਦੀ ਅਰਜ਼ੀ 'ਤੇ ਜੱਜ ਵਲੋਂ ਫੈਸਲਾ ਕੀਤੇ ਜਾਣ ਤੋਂ ***ਪਹਿਲਾਂ*** ਹਿਫਾਜ਼ਤ ਦੀ ਲੋੜ ਹੋਵੇ ਤਾਂ ਰਿਹਾਈ ਦੀਆਂ ਸ਼ਰਤਾਂ ਤੁਹਾਡੀ ਸੇਫਟੀ ਦੀਆਂ ਲੋੜਾਂ ਦਾ ਹੱਲ ਕਰ ਸਕਦੀਆਂ ਹਨ। ਇਹ ਸ਼ਰਤਾਂ ਉਦੋਂ ਤੱਕ ਲਾਗੂ ਰਹਿੰਦੀਆਂ ਹਨ।

ਤੁਹਾਡੇ ਪਾਰਟਨਰ ਨੂੰ ਕਿਸੇ ਖਾਸ ਤਾਰੀਕ ਨੂੰ ਅਦਾਲਤ ਵਿਚ ਦੁਬਾਰਾ ਪੇਸ਼ ਹੋਣ ਲਈ ਕਿਹਾ ਜਾਵੇਗਾ।

## ਸੰਮਨ

A summons

ਕਰਾਊਨ ਕੌਂਸਲ ਗ੍ਰਿਫਤਾਰੀ ਦੇ ਵਰੰਟ ਦੀ ਬਜਾਏ ਸੰਮਨਾਂ ਦੀ ਮੰਗ ਕਰੇਗਾ ਜੇ ਉਹ ਇਹ ਫੈਸਲਾ ਕਰਦਾ ਹੈ ਕਿ ਪੀਸ ਬੌਂਡ ਲਈ ਅਦਾਲਤ ਦੀ ਸੁਣਵਾਈ ਦੀ ਉਡੀਕ ਕਰਨ ਦੌਰਾਨ ਤੁਹਾਡੀ ਹਿਫਾਜ਼ਤ (ਜਾਂ ਤੁਹਾਡੇ ਬੱਚਿਆਂ, ਤੁਹਾਡੇ ਮੌਜੂਦਾ ਪਾਰਟਨਰ, ਅਤੇ/ਜਾਂ ਤੁਹਾਡੀ ਪ੍ਰਾਪਰਟੀ ਦੀ ਹਿਫਾਜ਼ਤ) ਲਈ ਸ਼ਰਤਾਂ ਦੀ ਲੋੜ ਨਹੀਂ ਲੱਗਦੀ।

ਤੁਹਾਡੇ ਪਾਰਟਨਰ ਨੂੰ ਸੰਮਨਾਂ ਦੇ ਪੇਪਰ ਡਾਕ ਰਾਹੀਂ ਮਿਲਣਗੇ ਜਾਂ ਕੋਈ ਪੁਲੀਸ ਅਫਸਰ ਨਿੱਜੀ ਰੂਪ ਵਿਚ ਉਸ ਨੂੰ ਸੰਮਨ ਦੇਵੇਗਾ। ਸੰਮਨ ਉਸ ਤੋਂ ਇਹ ਮੰਗ ਕਰਨਗੇ ਕਿ ਉਹ ਇਕ ਖਾਸ ਤਾਰੀਕ ਨੂੰ ਅਦਾਲਤ ਵਿਚ ਪੇਸ਼ ਹੋਵੇ।

## ਪੁਲੀਸ ਨਾਲ ਸੰਪਰਕ ਵਿਚ ਰਹੋ
Stay connected to the police

ਇਹ ਪੱਕਾ ਕਰੋ ਕਿ ਪੁਲੀਸ ਕੋਲ ਤੁਹਾਡਾ ਮੌਜੂਦਾ ਫੋਨ ਨੰਬਰ, ਈਮੇਲ ਐਡਰੈਸ, ਅਤੇ ਐਡਰੈਸ ਹੋਵੇ ਜਾਂ ਉਸ ਵਿਅਕਤੀ ਦਾ ਨੰਬਰ ਹੋਵੇ ਜਿਹੜਾ ਤੁਹਾਡੇ ਤੱਕ ਪਹੁੰਚ ਕਰ ਸਕਦਾ ਹੋਵੇ। ਤੁਹਾਡੇ ਪਾਰਟਨਰ ਨੂੰ ਹਿਰਾਸਤ ਵਿੱਚੋਂ ਰਿਹਾ ਕਰਨ ਵੇਲੇ ਪੁਲੀਸ ਤੁਹਾਨੂੰ ਸੂਚਨਾ ਦੇਣ ਦੀ ਕੋਸ਼ਿਸ਼ ਕਰੇਗੀ।

ਰਿਹਾਈ ਦੀਆਂ ਸ਼ਰਤਾਂ ਦੀ ਇਕ ਕਾਪੀ ਲੈਣ ਵਿਚ ਤੁਹਾਡੀ ਮਦਦ ਕਰਨ ਲਈ ਕਿਸੇ ਵਿਕਟਿਮ ਸਰਵਿਸ ਵਰਕਰ ਨੂੰ ਜਾਂ ਅਦਾਲਤ ਦੇ ਸਟਾਫ ਨੂੰ ਕਹੋ ਅਤੇ ਇਹ ਕਾਪੀ ਹਰ ਵੇਲੇ ਆਪਣੇ ਕੋਲ ਰੱਖੋ। ਜੇ ਤੁਹਾਡਾ ਪਾਰਟਨਰ ਕਿਸੇ ਵੀ ਸ਼ਰਤ ਨੂੰ ਤੋੜਦਾ ਹੈ ਤਾਂ 911 ਨੂੰ ਫੋਨ ਕਰਕੇ **ਫੌਰਨ ਪੁਲੀਸ ਨਾਲ ਸੰਪਰਕ ਕਰੋ**।

# ਅਗਾਂਹ ਕੀ ਹੋਵੇਗਾ? ਕੀ ਮੈਨੂੰ ਅਦਾਲਤ ਦੀ ਸੁਣਵਾਈ ਵਿਚ ਜਾਣਾ ਪਵੇਗਾ?
What's next? Do I have to go to a court hearing?

ਪੀਸ ਬੌਂਡ ਲਈ ਅਦਾਲਤ ਦੀ ਕੋਈ ਸੁਣਵਾਈ ਹੋਣ ਤੋਂ ਪਹਿਲਾਂ ਤੁਹਾਡਾ ਪਾਰਟਨਰ ਅਦਾਲਤ ਵਿਚ ਪੇਸ਼ ਹੋਵੇਗਾ। ਜੱਜ ਤੁਹਾਡੇ ਪਾਰਟਨਰ ਨੂੰ ਇਹ ਪੁੱਛੇਗਾ ਕਿ ਕੀ ਉਹ ਇਸ ਗੱਲ ਨਾਲ ਸਹਿਮਤ ਹੈ ਕਿ ਤੁਹਾਡੇ ਡਰ ਵਾਜਬ ਹਨ ਅਤੇ ਕੀ ਉਹ ਪੀਸ ਬੌਂਡ 'ਤੇ ਰੱਖੇ ਜਾਣ ਨਾਲ ਸਹਿਮਤ ਹੈ। ਜੇ ਤੁਹਾਡਾ ਪਾਰਟਨਰ ਸਹਿਮਤ ਹੋ ਜਾਵੇ ਤਾਂ ਜੱਜ ਉਸ ਨੂੰ ਪੀਸ ਬੌਂਡ "ਵਿਚ ਹਿੱਸਾ ਲੈਣ" ਦਾ ਹੁਕਮ ਦੇਵੇਗਾ। ਇਸ ਦਾ ਮਤਲਬ ਹੈ ਕਿ ਤੁਹਾਡੇ ਪਾਰਟਨਰ ਨੂੰ ਉਹ ਸਾਰੀਆਂ ਸ਼ਰਤਾਂ ਪੂਰੀਆਂ ਕਰਨੀਆਂ ਪੈਣਗੀਆਂ ਜਿਹੜੀਆਂ ਜੱਜ ਨੇ ਪੀਸ ਬੌਂਡ ਵਿਚ ਆਰਡਰ ਕੀਤੀਆਂ ਹਨ। ਇਸ ਹਾਲਤ ਵਿਚ, ਤੁਹਾਡੀ ਪੀਸ ਬੌਂਡ ਦੀ ਅਰਜ਼ੀ ਲਈ ਅਦਾਲਤ ਦੀ ਰਸਮੀ ਸੁਣਵਾਈ ਦੀ ਲੋੜ ਨਹੀਂ ਹੈ।

ਪਰ, ਜੇ ਤੁਹਾਡਾ ਪਾਰਟਨਰ ਪੀਸ ਬੌਂਡ "ਵਿਚ ਹਿੱਸਾ ਲੈਣ" ਲਈ ਸਹਿਮਤ ਨਹੀਂ ਹੁੰਦਾ ਤਾਂ ਉਸ ਨੂੰ ਅਦਾਲਤ ਦੀ ਸੁਣਵਾਈ ਵਿਚ ਪੇਸ਼ ਹੋਣ ਲਈ ਕਿਹਾ ਜਾਵੇਗਾ ਜਿੱਥੇ ਜੱਜ ਇਹ ਫੈਸਲਾ ਕਰੇਗਾ ਕਿ ਕੀ ਉਸ ਨੂੰ ਪੀਸ ਬੌਂਡ "ਵਿਚ ਹਿੱਸਾ ਲੈਣ" ਦਾ ਆਰਡਰ ਕਰਨਾ ਹੈ ਜਾਂ ਨਹੀਂ। ਇਸ ਹਾਲਤ ਵਿਚ ਤੁਹਾਨੂੰ ਅਦਾਲਤ ਦੀ ਸੁਣਵਾਈ ਵਿਚ ਜਾਣਾ ਪਵੇਗਾ।

ਕਰਾਊਨ ਕੌਂਸਲ ਦਾ ਦਫਤਰ ਤੁਹਾਨੂੰ ਸੁਣਵਾਈ ਦੀ ਤਾਰੀਕ ਦੱਸੇਗਾ ਅਤੇ ਤੁਹਾਡੇ ਅਦਾਲਤ ਜਾਣ ਤੋਂ ਪਹਿਲਾਂ ਤੁਹਾਡੇ ਨਾਲ ਇਕ ਛੋਟੀ ਜਿਹੀ ਇੰਟਰਵਿਊ ਲਈ ਸਮਾਂ ਮਿੱਥੇਗਾ। ਇਸ ਇੰਟਰਵਿਊ ਵਿਚ, ਤੁਸੀਂ ਕਰਾਊਨ ਕੌਂਸਲ ਨੂੰ ਇਹ ਦੱਸ ਸਕੋਗੇ ਕਿ ਤੁਸੀਂ ਆਰਡਰ ਵਿਚ ਕਿਹੜੀਆਂ ਸ਼ਰਤਾਂ ਚਾਹੁੰਦੇ ਹੋ। ਉਦਾਹਰਣ ਵਜੋਂ, ਤੁਸੀਂ ਇਹ ਕਹਿ ਸਕਦੇ ਹੋ ਕਿ ਪੀਸ ਬੌਂਡ ਇਹ ਮੰਗ ਕਰੇ ਕਿ ਤੁਹਾਡਾ ਪਾਰਟਨਰ ਤੁਹਾਡੇ ਨਾਲ ਅਤੇ/ਜਾਂ ਤੁਹਾਡੇ ਬੱਚਿਆਂ ਨਾਲ ਕੋਈ ਸੰਪਰਕ ਨਹੀਂ ਕਰੇਗਾ, ਜਾਂ ਉਹ ਤੁਹਾਡੇ ਨਾਲ ਅਸਿੱਧੇ ਤੌਰ 'ਤੇ ਕਿਸੇ ਦੋਸਤ ਜਾਂ ਰਿਸ਼ਤੇਦਾਰ ਰਾਹੀਂ ਹੀ ਸੰਪਰਕ ਕਰ ਸਕਦਾ ਹੈ। ਪਰ, ਪੀਸ ਬੌਂਡ ਵਿਚ ਕਿਹੜੀਆਂ ਸ਼ਰਤਾਂ ਹੋਣਗੀਆਂ, ਇਸ ਬਾਰੇ ਅੰਤਿਮ ਫੈਸਲਾ ਜੱਜ ਕਰਦਾ ਹੈ।

ਅਦਾਲਤ ਦੀ ਸੁਣਵਾਈ ਵੇਲੇ, ਕਰਾਊਨ ਕੌਂਸਲ ਇਹ ਕੇਸ ਪੇਸ਼ ਕਰੇਗਾ ਕਿ ਪੀਸ ਬੌਂਡ ਦੀ ਕਿਉਂ ਲੋੜ ਹੈ, ਅਤੇ ਤੁਹਾਨੂੰ ਮੁੱਖ ਗਵਾਹ ਦੇ ਤੌਰ 'ਤੇ (ਆਪਣੀ ਕਹਾਣੀ ਦੱਸਣ ਲਈ) ਸੱਦੇਗਾ। ਕਰਾਊਨ ਕੌਂਸਲ ਤੁਹਾਨੂੰ ਕਹੇਗਾ ਕਿ ਤੁਸੀਂ ਜੱਜ ਨੂੰ ਦੱਸੋ ਕਿ ਤੁਸੀਂ ਆਪਣੇ ਪਾਰਟਨਰ ਤੋਂ ਕਿਉਂ ਡਰਦੇ ਹੋ ਅਤੇ ਕੀ ਵਾਪਰਿਆ ਹੈ ਜਿਸ ਕਾਰਨ ਤੁਸੀਂ ਅਜਿਹਾ ਮਹਿਸੂਸ ਕਰਦੇ ਹੋ।

ਕਰਾਊਨ ਕੌਂਸਲ ਤੁਹਾਡੀ ਕਹਾਣੀ ਦੀ ਹਿਮਾਇਤ ਵਿਚ ਹੋਰ ਗਵਾਹਾਂ ਨੂੰ ਵੀ ਸੱਦ ਸਕਦਾ ਹੈ।

ਤੁਹਾਡੇ ਪਾਰਟਨਰ ਜਾਂ, ਜੇ ਉਸ ਕੋਲ ਵਕੀਲ ਹੋਵੇ ਤਾਂ ਤੁਹਾਡੇ ਪਾਰਟਨਰ ਦੇ ਵਕੀਲ ਨੂੰ ਸੁਣਵਾਈ ਦੌਰਾਨ ਤੁਹਾਨੂੰ ਅਤੇ ਤੁਹਾਡੇ ਗਵਾਹਾਂ ਨੂੰ ਸਵਾਲ ਪੁੱਛਣ ਦੀ ਆਗਿਆ ਹੈ। ਉਹ ਉਨ੍ਹਾਂ ਘਟਨਾਵਾਂ ਬਾਰੇ ਆਪਣਾ ਪੱਖ ਵੀ ਦੱਸ ਸਕਦਾ ਹੈ ਅਤੇ ਆਪਣੇ ਗਵਾਹ ਵੀ ਸੱਦ ਸਕਦਾ ਹੈ। ਜੇ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡਾ ਪਾਰਟਨਰ ਤੁਹਾਨੂੰ ਸਵਾਲ ਪੁੱਛ ਸਕੇ ਤਾਂ ਕਰਾਊਨ ਕੌਂਸਲ ਨੂੰ ਕਹੋ ਕਿ ਇਸ ਦੀ ਬਜਾਏ ਤੁਹਾਡੇ ਤੋਂ ਸਵਾਲ ਪੁੱਛਣ ਲਈ ਕੋਈ ਵਕੀਲ ਨਿਯੁਕਤ ਕੀਤਾ ਜਾਵੇ।

ਜੇ ਜੱਜ ਇਹ ਫੈਸਲਾ ਕਰਦਾ ਹੈ ਕਿ ਤੁਹਾਡੇ ਡਰਨ ਦੇ ਕਾਰਨ ਹਨ ਤਾਂ ਜੱਜ ਤੁਹਾਡੇ ਪਾਰਟਨਰ ਨੂੰ ਪੀਸ ਬੌਂਡ ਵਿਚ ਹਿੱਸਾ ਲੈਣ ਅਤੇ ਇਸ 'ਤੇ ਦਸਖਤ ਕਰਨ ਦਾ ਹੁਕਮ ਦੇਵੇਗਾ। ਪੀਸ ਬੌਂਡ ਵਿਚ ਉਨ੍ਹਾਂ ਸ਼ਰਤਾਂ ਦੀ ਇਕ ਲਿਸਟ ਹੋਵੇਗੀ ਜਿਨ੍ਹਾਂ ਦੀ ਤੁਹਾਡੇ ਪਾਰਟਨਰ ਨੂੰ ਪਾਲਣਾ ਜ਼ਰੂਰ ਕਰਨੀ ਪਵੇਗੀ ਅਤੇ ਉਸ ਉੱਪਰ ਪੀਸ ਬੌਂਡ ਦੀ ਮਿਆਦ ਮੁੱਕਣ (ਖਤਮ ਹੋਣ) ਦੀ ਤਰੀਕ ਲਿਖੀ ਹੋਵੇਗੀ। ਪੀਸ ਬੌਂਡ ਦੀ ਮਿਆਦ ਇਕ ਸਾਲ ਤੱਕ ਰਹਿ ਸਕਦੀ ਹੈ। ਜੱਜ ਤੁਹਾਡੇ ਪਾਰਟਨਰ ਨੂੰ ਇਕ ਰਕਮ ਵੀ ਜਮ੍ਹਾਂ ਕਰਵਾਉਣ ਲਈ ਕਹਿ ਸਕਦਾ ਹੈ ਤਾਂ ਜੋ ਇਹ ਪੱਕਾ ਹੋਵੇ ਕਿ ਉਹ ਸ਼ਰਤਾਂ ਦੀ ਪਾਲਣਾ ਕਰਨ ਦੇ ਆਪਣੇ ਵਾਅਦੇ 'ਤੇ ਕਾਇਮ ਰਹੇ।

## ਪੀਸ ਬੌਂਡ ਦੇ ਲਾਗੂ ਹੋ ਜਾਣ 'ਤੇ ਕੀ ਹੁੰਦਾ ਹੈ?
### What happens once the peace bond is in place?

ਜਦੋਂ ਇਕ ਵਾਰੀ ਪੀਸ ਬੌਂਡ ਲਾਗੂ ਹੋ ਗਿਆ ਤਾਂ ਅਦਾਲਤ ਦੇ ਸਟਾਫ, ਕਰਾਊਨ ਕੌਂਸਲ, ਜਾਂ ਵਿਕਟਿਮ ਸਰਵਿਸ ਵਰਕਰ ਕੋਲੋਂ ਇਸ ਦੀ ਇਕ ਕਾਪੀ ਮੰਗੋ ਅਤੇ ਇਸ ਨੂੰ ਧਿਆਨ ਨਾਲ ਪੜ੍ਹੋ ਤਾਂ ਜੋ ਤੁਸੀਂ ਇਸ ਦੀਆਂ ਸ਼ਰਤਾਂ ਸਮਝ ਸਕੋ। ਜੇ ਤੁਹਾਨੂੰ ਕਿਸੇ ਮਦਦ ਦੀ ਲੋੜ ਹੋਵੇ, ਜਾਂ ਤੁਸੀਂ ਸੇਫਟੀ ਪਲੈਨ ਬਣਾਉਣਾ ਚਾਹੁੰਦੇ ਹੋਵੋ ਤਾਂ ਵਿਕਟਿਮ ਸਰਵਿਸ ਵਰਕਰ ਨਾਲ ਸੰਪਰਕ ਕਰਨਾ ਇਕ ਚੰਗਾ ਖਿਆਲ ਹੈ।

ਭਾਵੇਂ ਕਿ ਅਦਾਲਤ ਦਾ ਸਟਾਫ ਪੀਸ ਬੌਂਡ, ਪ੍ਰੋਟੈਕਸ਼ਨ ਆਰਡਰ ਰਜਿਸਟਰੀ ਨੂੰ ਭੇਜੇਗਾ ਪਰ ਇਸ ਦੀ ਇਕ ਕਾਪੀ ਕੋਲ ਰੱਖਣਾ ਚੰਗਾ ਖਿਆਲ ਹੈ।

ਜੇ ਪੀਸ ਬੌਂਡ ਵਿਚ ਤੁਹਾਡੇ ਬੱਚੇ ਵੀ ਸ਼ਾਮਲ ਹਨ ਤਾਂ ਪੀਸ ਬੌਂਡ ਦੀ ਇਕ ਕਾਪੀ ਉਨ੍ਹਾਂ ਨੂੰ ਦਿਉ ਜਿਹੜੇ ਬੱਚਿਆਂ ਦੀ ਉਦੋਂ ਦੇਖਭਾਲ ਕਰ ਰਹੇ ਹੁੰਦੇ ਹਨ ਜਦੋਂ ਉਹ ਤੁਹਾਡੀ ਦੇਖ ਰੇਖ ਥੱਲੇ ਨਹੀਂ ਹੁੰਦੇ ਜਿਵੇਂ ਕਿ ਉਨ੍ਹਾਂ ਦੇ ਟੀਚਰ, ਬੱਚਿਆਂ ਦੀ ਸੰਭਾਲ ਕਰਨ ਵਾਲੇ, ਕੋਚ, ਜਾਂ ਹੋਰ ਇਨਸਟਰੱਕਟਰ। ਉਨ੍ਹਾਂ ਨੂੰ ਦੱਸੋ ਕਿ ਜੇ ਤੁਹਾਡਾ ਪਾਰਟਨਰ ਪੀਸ ਬੌਂਡ ਵਿਚਲੀਆਂ ਸ਼ਰਤਾਂ ਦੀ ਪਾਲਣਾ ਨਹੀਂ ਕਰਦਾ ਤਾਂ ਉਹ ਪੁਲੀਸ ਨੂੰ ਫੋਨ ਕਰਨ।

## ਜੇ ਮੇਰਾ ਪਾਰਟਨਰ ਮੇਰੇ ਘਰ ਆ ਜਾਵੇ ਜਿਹੜਾ ਕਿ ਉਹ ਨਹੀਂ ਕਰ ਸਕਦਾ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

### What if my partner shows up at my home although they aren’t supposed to?

**ਫੌਰਨ 911 ਨੂੰ ਫੋਨ ਕਰੋ।** (ਜੇ ਤੁਹਾਡੇ ਇਲਾਕੇ ਵਿਚ 911 ਦੀ ਸਰਵਿਸ ਨਹੀਂ ਹੈ ਤਾਂ ਆਪਣੀ ਲੋਕਲ ਪੁਲੀਸ ਦੇ ਐਮਰਜੰਸੀ ਫੋਨ ਨੰਬਰ ’ਤੇ ਫੋਨ ਕਰੋ।) ਇਹ ਯਾਦ ਰੱਖੋ ਕਿ ਲੋਕਲ ਪੁਲੀਸ ਅਤੇ ਆਰ ਸੀ ਐੱਮ ਪੀ ਸਾਰੇ ਪੀਸ ਬੌਂਡਾਂ ਨੂੰ ਲਾਗੂ ਕਰ ਸਕਦੀ ਹੈ। ਉਨ੍ਹਾਂ ਨੂੰ ਦੱਸੋ ਕਿ ਤੁਹਾਡੇ ਕੋਲ ਪੀਸ ਬੌਂਡ ਹੈ ਅਤੇ ਪੀਸ ਬੌਂਡ ਵਿਚਲਾ ਵਿਅਕਤੀ ਇਸ ਵਿਚਲੀਆਂ ਸ਼ਰਤਾਂ ਪੂਰੀਆਂ ਨਹੀਂ ਕਰ ਰਿਹਾ।

ਪੀਸ ਬੌਂਡ ਦੀਆਂ ਸ਼ਰਤਾਂ ਪੂਰੀਆਂ ਨਾ ਕਰਨਾ ਇਕ ਜੁਰਮ ਹੈ। ਬਹੁਤੇ ਕੇਸਾਂ ਵਿਚ, ਖਾਸ ਕਰਕੇ ਜੇ ਤੁਸੀਂ ਖਤਰੇ ਵਿਚ ਹੋਵੋ ਤਾਂ ਪੁਲੀਸ ਤੁਹਾਡੇ ਪਾਰਟਨਰ ਨੂੰ ਗ੍ਰਿਫਤਾਰ ਕਰ ਲਵੇਗੀ ਅਤੇ ਕਰਾਊਨ ਕੌਂਸਲ ਨੂੰ ਕਹੇਗੀ ਕਿ ਉਹ ਉਸਦੇ ਖਿਲਾਫ ਪੀਸ ਬੌਂਡ ਦੀ “ਉਲੰਘਣਾ” ਕਰਨ ਕਰਕੇ ਕਰਿਮੀਨਲ ਚਾਰਜ ਲਾਵੇ। ਜੇ ਤੁਹਾਡਾ ਪਾਰਟਨਰ ਪੀਸ ਬੌਂਡ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਦਾ ਦੋਸ਼ੀ ਠਹਿਰਾਇਆ ਜਾਂਦਾ ਹੈ ਤਾਂ ਉਸਦਾ ਰਿਕਾਰਡ ਮੁਜਰਮਾਨਾ ਹੋ ਜਾਵੇਗਾ ਅਤੇ ਇਹ ਵੀ ਹੋ ਸਕਦਾ ਹੈ:

- ਉਸ ਨੂੰ ਪ੍ਰੋਬੇਸ਼ਨ ’ਤੇ ਰੱਖਿਆ ਜਾ ਸਕਦਾ ਹੈ,
- 5,000 ਡਾਲਰ ਤੱਕ ਜੁਰਮਾਨਾ ਹੋ ਸਕਦਾ ਹੈ, ਅਤੇ/ਜਾਂ
- ਦੋ ਸਾਲਾਂ ਤੱਕ ਜੇਲ੍ਹ ਭੇਜਿਆ ਜਾ ਸਕਦਾ ਹੈ।

ਸਜ਼ਾ ਦਾ ਫੈਸਲਾ ਜੱਜ, ਕੇਸ ਦੇ ਹਾਲਾਤਾਂ ਦੇ ਆਧਾਰ ’ਤੇ ਅਤੇ ਇਸ ਚੀਜ਼ ਨੂੰ ਸਾਹਮਣੇ ਰੱਖ ਕੇ ਕਰੇਗਾ ਕਿ ਕੀ ਤੁਹਾਡੇ ਪਾਰਟਨਰ ਦਾ ਮੁਜਰਮਾਨਾ ਰਿਕਾਰਡ ਅਤੇ ਅਦਾਲਤ ਦੇ ਆਰਡਰਾਂ ਦੀ ਉਲੰਘਣਾ ਕਰਨ ਦੀ ਹਿਸਟਰੀ ਹੈ ਜਾਂ ਨਹੀਂ। ਜੇ ਹਾਲਾਤ ਬਹੁਤ ਗੰਭੀਰ ਨਾ ਹੋਣ ਜਾਂ ਜੇ ਉਸ ਨੇ ਪਹਿਲਾਂ ਵੀ ਅਦਾਲਤ ਦੇ ਆਰਡਰਾਂ ਦੀ ਉਲੰਘਣਾ ਨਾ ਕੀਤੀ ਹੋਵੇ ਤਾਂ ਆਮ ਤੌਰ ’ਤੇ ਜੱਜ ਵੱਧ ਤੋਂ ਵੱਧ ਸਜ਼ਾ ਦੀ ਚੋਣ ਨਹੀਂ ਕਰੇਗਾ।

# ਪੀਸ ਬੌਂਡ ਦੇ ਲਾਗੂ ਹੋ ਜਾਣ ਤੋਂ ਬਾਅਦ ਜੇ ਮੈਂ ਆਪਣੇ ਪਾਰਟਨਰ ਨੂੰ ਮਿਲਣਾ ਚਾਹਾਂ ਜਾਂ ਉਸ ਨਾਲ ਗੱਲ ਕਰਨਾ ਚਾਹਾਂ ਤਾਂ ਕੀ ਹੋਵੇਗਾ?

What if I want to see or talk to my partner after the peace bond is in place?

ਇਕ ਵਾਰ ਜਦੋਂ ਪੀਸ ਬੌਂਡ 'ਤੇ ਦਸਖਤ ਹੋ ਜਾਣ ਤਾਂ ਇਸ ਵਿਚਲੇ ਵਿਅਕਤੀ ਨੂੰ ਇਸ ਦੀਆਂ ਸ਼ਰਤਾਂ ਦੀ ਪਾਲਣਾ ਜ਼ਰੂਰ ਕਰਨੀ ਪਵੇਗੀ। ਜੇ ਤੁਹਾਡਾ ਪਾਰਟਨਰ ਅਜਿਹਾ ਨਹੀਂ ਕਰਦਾ ਤਾਂ ਉਹ ਕਾਨੂੰਨ ਤੋੜ ਰਿਹਾ ਹੈ। ਇਸ ਦਾ ਮਤਲਬ ਹੈ ਕਿ "ਕੋਈ ਸੰਪਰਕ ਨਹੀਂ" ਦੀ ਸ਼ਰਤ ਲਾਗੂ ਹੋ ਜਾਣ 'ਤੇ, ਤੁਹਾਡਾ ਪਾਰਟਨਰ ਤੁਹਾਡੇ ਨਾਲ ਸੰਪਰਕ ਨਹੀਂ ਕਰ ਸਕਦਾ ਭਾਵੇਂ ਤੁਸੀਂ ਇਹ ਚਾਹੁੰਦੇ ਵੀ ਹੋਵੋ (ਜੇ ਜੱਜ ਪੀਸ ਬੌਂਡ ਬਦਲ ਨਹੀਂ ਦਿੰਦਾ ਤਾਂ)। ਉਦਾਹਰਣ ਲਈ ਜੇ ਤੁਸੀਂ ਆਪਣੇ ਪਾਰਟਨਰ ਨੂੰ ਸੱਦਦੇ ਹੋ ਤਾਂ ਉਸ ਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ। (ਪਰ ਤੁਹਾਨੂੰ ਆਪਣੇ ਪਾਰਟਨਰ ਨਾਲ ਸੰਪਰਕ ਕਰਨ ਦੇ ਜੁਰਮ ਲਈ **ਚਾਰਜ ਨਹੀਂ ਕੀਤਾ ਜਾ ਸਕਦਾ** ਕਿਉਂਕਿ ਆਰਡਰ ਤੁਹਾਡੇ ਖਿਲਾਫ ਨਹੀਂ ਕੀਤਾ ਗਿਆ ਸੀ – ਇਹ ਤੁਹਾਡੀ ਹਿਫਾਜ਼ਤ ਲਈ ਹੈ।)

# ਜੇ ਮੈਂ ਪੀਸ ਬੌਂਡ ਬਦਲਣਾ ਚਾਹਾਂ ਤਾਂ ਕੀ ਹੋਵੇਗਾ?

What if I want the peace bond changed?

ਇਹ ਗੱਲ ਯਾਦ ਰੱਖੋ ਕਿ ਪੀਸ ਬੌਂਡ ਤੁਹਾਡੀ ਹਿਫਾਜ਼ਤ ਲਈ ਤਿਆਰ ਕੀਤਾ ਗਿਆ ਸੀ। ਇਸ ਵਿਚ ਕੋਈ ਵੀ ਤਬਦੀਲੀ ਕਰਵਾਉਣ ਤੋਂ ਪਹਿਲਾਂ, ਤੁਸੀਂ ਕਿਸੇ ਵਿਕਟਿਮ ਸਰਵਿਸ ਵਰਕਰ ਨਾਲ ਗੱਲ ਕਰਕੇ ਇਹ ਪੁੱਛ ਸਕਦੇ ਹੋ ਕਿ ਇਸ ਦਾ ਤੁਹਾਡੀ ਨਿੱਜੀ ਸੁਰੱਖਿਆ 'ਤੇ ਕੀ ਅਸਰ ਪੈ ਸਕਦਾ ਹੈ। ਜੇ ਤੁਸੀਂ ਅਜੇ ਵੀ ਪੀਸ ਬੌਂਡ ਬਦਲਣਾ ਚਾਹੁੰਦੇ ਹੋਵੋ ਤਾਂ ਕਰਾਊਨ ਕੌਂਸਲ ਨਾਲ ਸੰਪਰਕ ਕਰੋ। ਫੈਸਲਾ ਅਦਾਲਤ ਨੇ ਕਰਨਾ ਹੈ, ਪਰ ਜੱਜ ਤੁਹਾਡੀਆਂ ਇੱਛਾਵਾਂ 'ਤੇ ਵਿਚਾਰ ਕਰੇਗਾ।



# ਜੇ ਮੈਂ ਕਿਸੇ ਹੋਰ ਸੂਬੇ ਵਿਚ ਮੂਵ ਹੋ ਜਾਵਾਂ ਤਾਂ ਕੀ ਹੋਵੇਗਾ?

## What if I move to another province?

ਪੀਸ ਬੌਂਡ ਕੈਨੇਡਾ ਵਿਚ ਪੁਲੀਸ ਜਾਂ ਆਰ ਸੀ ਐੱਮ ਪੀ ਕਿਤੇ ਵੀ ਲਾਗੂ ਕਰ ਸਕਦੀ ਹੈ। ਆਪਣੇ ਨਵੇਂ ਸੂਬੇ ਦੀ ਪੁਲੀਸ ਕੋਲ ਜਾਉ, ਉਨ੍ਹਾਂ ਨੂੰ ਪੀਸ ਬੌਂਡ ਦੀ ਕਾਪੀ ਦਿਖਾਉ ਅਤੇ ਆਪਣੀ ਹਾਲਤ ਬਾਰੇ ਦੱਸੋ। ਕੈਨੇਡਾ ਭਰ ਦੇ ਇਕ ਕੰਪਿਊਟਰ ਸਿਸਟਮ ਰਾਹੀਂ, ਕਿਸੇ ਵੀ ਸੂਬੇ ਜਾਂ ਟੈਰੇਟਰੀ ਦੀ ਪੁਲੀਸ, ਪੀਸ ਬੌਂਡ ਦੀਆਂ ਸ਼ਰਤਾਂ ਚੈੱਕ ਕਰ ਸਕਦੀ ਹੈ ਅਤੇ ਇਨ੍ਹਾਂ ਨੂੰ ਲਾਗੂ ਕਰ ਸਕਦੀ ਹੈ।

# ਜੇ ਮੇਰਾ ਪਾਰਟਨਰ ਪੀਸ ਬੌਂਡ ਵਿਚ ਕਹੀ ਗਈ ਹਰ ਚੀਜ਼ ਦੀ ਪਾਲਣਾ ਕਰਦਾ ਹੈ ਤਾਂ ਕੀ ਹੋਵੇਗਾ?

## What happens if my partner follows everything the peace bond says?

ਜੇ ਤੁਹਾਡਾ ਪਾਰਟਨਰ ਪੀਸ ਬੌਂਡ ਵਿਚ ਕਹੀ ਗਈ ਹਰ ਚੀਜ਼ ਦੀ ਪਾਲਣਾ ਕਰਦਾ ਹੈ ਤਾਂ ਪੀਸ ਬੌਂਡ ਦੀ ਮਿਆਦ ਮੁੱਕ ਜਾਵੇਗੀ ਅਤੇ ਅਗਾਂਹ ਕੁਝ ਨਹੀਂ ਹੋਵੇਗਾ। ਪੀਸ ਬੌਂਡ ਕੋਈ ਮੁਜਰਮਾਨਾ ਜੁਰਮ ਨਹੀਂ ਹੈ ਅਤੇ ਤੁਹਾਡੇ ਪਾਰਟਨਰ ਦਾ ਪੀਸ ਬੌਂਡ ਵਿਚ ਹਿੱਸਾ ਲੈਣ ਕਰਕੇ ਕੋਈ ਮੁਜਰਮਾਨਾ ਰਿਕਾਰਡ ਨਹੀਂ ਬਣੇਗਾ।

# ਜੇ ਪੀਸ ਬੌਂਡ ਖਤਮ ਹੋਣ ਵਾਲਾ ਹੋਵੇ ਅਤੇ ਮੈਨੂੰ ਅਜੇ ਵੀ ਆਪਣੀ ਸੁਰੱਖਿਆ ਨੂੰ ਖਤਰਾ ਹੋਵੇ ਤਾਂ ਮੈਂ ਕੀ ਕਰ ਸਕਦੀ ਹਾਂ?

## What can I do if the peace bond is about to end and I’m still afraid for my safety?

ਪੀਸ ਬੌਂਡ ਇਕ ਸਾਲ ਤੱਕ ਰਹਿੰਦਾ ਹੈ ਅਤੇ ਫਿਰ ਇਹ ਖਤਮ ਹੋ ਜਾਂਦਾ ਹੈ। ਜੇ ਤੁਸੀਂ ਅਜੇ ਵੀ ਆਪਣੀ ਸੁਰੱਖਿਆ ਲਈ ਡਰਦੇ ਹੋਵੋ ਅਤੇ ਹੋਰ ਪੀਸ ਬੌਂਡ ਲਈ ਅਪਲਾਈ ਕਰਨਾ ਚਾਹੁੰਦੇ ਹੋਵੋ ਤਾਂ ਪੁਲੀਸ ਨਾਲ ਗੱਲ ਕਰੋ। ਨਵਾਂ ਪੀਸ ਬੌਂਡ ਲੈਣ ਲਈ ਜੱਜ ਨੂੰ ਇਹ ਫੈਸਲਾ ਕਰਨਾ ਪਵੇਗਾ ਕਿ ਤੁਹਾਡਾ ਆਪਣੀ ਸੇਫਟੀ ਬਾਰੇ ਅਤੇ/ਜਾਂ ਆਪਣੇ ਬੱਚਿਆਂ ਜਾਂ ਮੌਜੂਦਾ ਪਾਰਟਨਰ ਦੀ ਸੇਫਟੀ ਬਾਰੇ ਡਰਨ ਦਾ ਵਾਜਬ ਕਾਰਨ ਹੈ। ਜੇ ਸਾਲ ਦੌਰਾਨ ਤੁਹਾਡੇ ਪਾਰਟਨਰ ਨੇ ਪੀਸ ਬੌਂਡ ਦੀ ਉਲੰਘਣਾ ਕੀਤੀ ਹੋਵੇ ਅਦਾਲਤ ਇਸ ਬਾਰੇ ਫੈਸਲਾ ਕਰਨ ਵੇਲੇ ਇਹ ਵਿਚਾਰ ਕਰੇਗੀ ਕਿ ਕੀ ਨਵਾਂ ਪੀਸ ਬੌਂਡ ਦੇਣਾ ਹੈ ਜਾਂ ਨਹੀਂ। ਇਸ ਕਰਕੇ ਹੀ ਪੀਸ ਬੌਂਡ ਦੀਆਂ ਸਾਰੀਆਂ ਉਲੰਘਣਾਵਾਂ ਬਾਰੇ ਰਿਪੋਰਟ ਕਰਨਾ ਜ਼ਰੂਰੀ ਹੈ ਜਾਂ ਘੱਟੋ ਘੱਟ ਸਾਰੀਆਂ ਉਲੰਘਣਾਵਾਂ ਦੀ ਵੱਧ ਤੋਂ ਵੱਧ ਵੇਰਵਿਆਂ ਨਾਲ ਡਾਇਰੀ ਰੱਖਣਾ ਮਹੱਤਵਪੂਰਨ ਹੈ।

ਜੇ ਤੁਸੀਂ ਅਜੇ ਵੀ ਆਪਣੀ ਸੇਫਟੀ ਲਈ ਡਰਦੇ ਹੋਵੋ ਤਾਂ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਲੈਣ ਬਾਰੇ ਕਿਸੇ ਵਕੀਲ ਜਾਂ ਲੀਗਲ ਏਡ ਨਾਲ ਗੱਲ ਕਰੋ। ਤੁਸੀਂ ਪੀਸ ਬੌਂਡ ਦੇ ਲਾਗੂ ਰਹਿਣ ਦੌਰਾਨ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਲਈ ਵੀ ਅਪਲਾਈ ਕਰ ਸਕਦੇ ਹੋ। ਯਾਦ ਰੱਖੋ ਕਿ ਤੁਸੀਂ ਆਪਣੀ ਹਾਲਤ ਬਾਰੇ ਕਿਸੇ ਵਿਕਟਿਮ ਸਰਵਿਸ ਵਰਕਰ ਨਾਲ ਵੀ ਗੱਲ ਕਰ ਸਕਦੇ ਹੋ ਅਤੇ ਉਹ ਸੇਫਟੀ ਦੀ ਪਲੈਨਿੰਗ ਬਣਾਉਣ ਵਿਚ ਤੁਹਾਡੀ ਮਦਦ ਕਰ ਸਕਦੇ ਹਨ।

# ਚੈਪਟਰ 4: ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ

Chapter 4: Family Law Protection Orders

ਜਦੋਂ ਤੁਸੀਂ ਇਹ ਫੈਸਲਾ ਕਰ ਲਿਆ ਕਿ ਤੁਸੀਂ ਆਪਣੀ (ਅਤੇ/ਜਾਂ ਖਤਰੇ ਵਿਚਲੇ ਪਰਿਵਾਰ ਦੇ ਹੋਰ ਮੈਂਬਰਾਂ) ਦੀ ਰੱਖਿਆ ਲਈ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਲਈ ਅਪਲਾਈ ਕਰਨਾ ਚਾਹੁੰਦੇ ਹੋ ਤਾਂ ਇਸ ਚੈਪਟਰ ਵਿਚਲੇ ਕਦਮਾਂ ਦੀ ਪਾਲਣਾ ਕਰੋ।

| | ਪੀਸ ਬੌਂਡ<br>Provincial Court |
|---|---|
| | ਸੌਖੀ ਅਤੇ ਘੱਟ ਰਸਮੀ ਕਾਰਵਾਈ। |
| | ਅਦਾਲਤ ਦੀ ਕੋਈ ਫੀਸ ਨਹੀਂ। |
| | ਤੁਸੀਂ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਲਈ ਇਕੱਲਾ ਅਪਲਾਈ ਕਰ ਸਕਦੇ ਹੋ ਜਾਂ ਪੇਰੈਂਟਿੰਗ ਅਤੇ ਸਪੋਰਟ ਆਰਡਰ ਲਈ ਅਪਲਾਈ ਕਰਨ ਦੇ ਨਾਲ ਕਰ ਸਕਦੇ ਹੋ।<br>(ਤੁਸੀਂ ਸੂਬਾਈ ਕੋਰਟ ਵਿਚ ਪ੍ਰਾਪਰਟੀ ਆਰਡਰ ਜਾਂ ਤਲਾਕ ਦੇ ਆਰਡਰ ਲਈ ਅਪਲਾਈ ਨਹੀਂ ਕਰ ਸਕਦੇ।)<br>ਇਹ ਨੋਟ ਕਰੋ ਕਿ ਜੇ ਹਰ ਅਦਾਲਤ ਵੱਖ ਵੱਖ ਕੇਸਾਂ ਨਾਲ ਸਿੱਝ ਰਹੀ ਹੈ ਤਾਂ ਤੁਹਾਨੂੰ ਦੋਨਾਂ ਅਦਾਲਤਾਂ ਵਿਚ ਫਾਇਲ ਖੋਲ੍ਹਣ ਦੀ ਆਗਿਆ ਹੈ। (ਸਿਰਫ ਸੇਫਟੀ ਬਾਰੇ ਆਰਡਰ ਹੀ ਪ੍ਰੋਟੈਕਸ਼ਨ ਆਰਡਰ ਵਿਚ ਜਾ ਸਕਦੇ ਹਨ।) |
| | ਅਦਾਲਤ ਵਿਚ ਸਬੂਤ ਆਪ ਆ ਕੇ ਅਤੇ ਐਫੀਡੇਵਿਟ ਰਾਹੀਂ ਦਿੱਤਾ ਜਾਂਦਾ ਹੈ।<br>(ਐਫੀਡੇਵਿਟ ਇਕ ਪੇਪਰ ਹੈ ਜਿਸ ਵਿਚ ਤੁਸੀਂ ਆਪਣਾ ਸਬੂਤ ਅਦਾਲਤ ਵਿਚ ਦੱਸਣ ਦੀ ਬਜਾਏ ਲਿਖ ਕੇ ਦੱਸਦੇ ਹੋ।) |
| | ਸੂਬੇ ਭਰ ਵਿਚ ਜ਼ਿਆਦਾ ਸਥਾਨ। |

# ਮੈਂ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਲਈ ਅਪਲਾਈ ਕਿਵੇਂ ਕਰਨਾ ਹੈ?

## How do I apply for a family law protection order?

ਤੁਸੀਂ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਲਈ ਸੂਬਾਈ ਅਦਾਲਤ (ਪ੍ਰੋਵਿੰਸ਼ੀਅਲ ਕੋਰਟ) ਜਾਂ ਸੁਪਰੀਮ ਕੋਰਟ ਵਿਚ ਅਪਲਾਈ ਕਰ ਸਕਦੇ ਹੋ। ਜਦੋਂ ਤੁਸੀਂ ਇਹ ਚੋਣ ਕਰ ਲਈ ਕਿ ਤੁਸੀਂ ਕਿਹੜੀ ਅਦਾਲਤ ਵਿਚ ਜਾਣਾ ਚਾਹੁੰਦੇ ਹੋ ਤਾਂ ਤੁਹਾਨੂੰ ਅਦਾਲਤ ਦੇ ਲੋੜੀਂਦੇ ਫਾਰਮ ਭਰਨੇ ਪੈਣਗੇ। ਫਾਰਮ ਔਨਲਾਈਨ ਜਾਂ ਕੋਰਟਹਾਊਸ ਤੋਂ ਉਪਲਬਧ ਹਨ। ਹੇਠਾਂ ਦਿੱਤੇ ਚਾਰਟ ਵਿਚ ਉਹ ਕੁਝ ਚੀਜ਼ਾਂ ਦਿੱਤੀਆਂ ਗਈਆਂ ਹਨ ਜਿਨ੍ਹਾਂ ਬਾਰੇ ਤੁਹਾਨੂੰ ਅਦਾਲਤ ਦਾ ਫੈਸਲਾ ਕਰਨ ਵੇਲੇ ਵਿਚਾਰ ਕਰਨੀ ਚਾਹੀਦੀ ਹੈ:

## ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ
Supreme Court

ਜ਼ਿਆਦਾ ਗੁੰਝਲਦਾਰ ਅਤੇ ਰਸਮੀ ਕਾਰਵਾਈ।

ਜੇ ਤੁਸੀਂ ਲੀਗਲ ਏਡ ਲਈ ਯੋਗ ਨਾ ਹੋਵੋ ਤਾਂ ਤੁਹਾਡੇ ਲਈ ਤਕਰੀਬਨ 280 ਡਾਲਰ ਦੀ "ਫਾਇਲਿੰਗ" ਫੀਸ ਅਦਾਲਤ ਨੂੰ ਦੇਣਾ ਜ਼ਰੂਰੀ ਹੈ (ਜੇ ਤੁਸੀਂ ਸੁਪਰੀਮ ਕੋਰਟ ਵਿਚ ਪਹਿਲਾਂ ਹੀ ਕੇਸ ਦਰਜ ਕਰਵਾਇਆ ਹੋਇਆ ਹੈ ਤਾਂ 80 ਡਾਲਰ)।

ਜੇ ਤੁਸੀਂ ਅਦਾਲਤ ਦੀ ਫੀਸ ਨਾ ਦੇ ਸਕਦੇ ਹੋਵੋ ਤਾਂ ਤੁਸੀਂ ਫੀਸ ਮੁਆਫ (ਕੈਂਸਲ) ਕਰਵਾਉਣ ਦੇ ਯੋਗ ਹੋ ਸਕਦੇ ਹੋ।

ਜ਼ਿਆਦਾ ਜਾਣਕਾਰੀ ਲਈ ਸਵੈ-ਮਦਦ ਕਰਨ ਵਾਲੀ ਗਾਈਡ, "ਹਾਓ ਟੂ ਗੈੱਟ ਐਨ ਆਰਡਰ ਟੂ ਵੇਵ ਫੀਜ਼" ਦੇਖੋ ਜੋ ਕਿ familylaw.lss.bc.ca/guides/waiveFees/index.php 'ਤੇ ਫੈਮਿਲੀ ਲਾਅ ਇਨ ਬੀ ਸੀ ਦੇ ਵੈੱਬਸਾਈਟ 'ਤੇ ਹੈ।

ਤੁਸੀਂ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਲਈ ਇਕੱਲਾ ਅਪਲਾਈ ਕਰ ਸਕਦੇ ਹੋ ਜਾਂ ਪੇਰੈਂਟਿੰਗ, ਸਪੋਰਟ, ਤਲਾਕ ਜਾਂ ਪ੍ਰਾਪਰਟੀ ਆਰਡਰ ਲਈ ਅਪਲਾਈ ਕਰਨ ਦੇ ਨਾਲ ਕਰ ਸਕਦੇ ਹੋ।

ਇਹ ਨੋਟ ਕਰੋ ਕਿ ਜੇ ਹਰ ਅਦਾਲਤ ਵੱਖ ਵੱਖ ਕੇਸਾਂ ਨਾਲ ਸਿੱਝ ਰਹੀ ਹੈ ਤਾਂ ਤੁਹਾਨੂੰ ਦੋਨਾਂ ਅਦਾਲਤਾਂ ਵਿਚ ਫਾਇਲ ਖੋਲ੍ਹਣ ਦੀ ਆਗਿਆ ਹੈ। (ਸਿਰਫ ਸੇਫਟੀ ਬਾਰੇ ਆਰਡਰ ਹੀ ਪ੍ਰੋਟੈਕਸ਼ਨ ਆਰਡਰ ਵਿਚ ਜਾ ਸਕਦੇ ਹਨ।)

ਅਦਾਲਤ ਵਿਚ ਸਬੂਤ ਆਮ ਤੌਰ 'ਤੇ ਐਫੀਡੇਵਿਟ ਰਾਹੀਂ ਦਿੱਤਾ ਜਾਂਦਾ ਹੈ।

(ਐਫੀਡੇਵਿਟ ਇਕ ਪੇਪਰ ਹੈ ਜਿਸ ਵਿਚ ਤੁਸੀਂ ਆਪਣਾ ਸਬੂਤ ਅਦਾਲਤ ਵਿਚ ਦੱਸਣ ਦੀ ਬਜਾਏ ਲਿਖ ਕੇ ਦੱਸਦੇ ਹੋ।)

ਸੂਬੇ ਭਰ ਵਿਚ ਘੱਟ ਸਥਾਨ।

### ਯਾਦ ਰੱਖੋ:

**ਜੇ ਤੁਸੀਂ ਫੌਰੀ ਖਤਰੇ ਵਿਚ ਹੋਵੋ ਤਾਂ ਫੌਰਨ 911 ਨੂੰ ਫੋਨ ਕਰਕੇ ਪੁਲੀਸ ਸੱਦੋ। (ਜੇ ਤੁਹਾਡੇ ਇਲਾਕੇ ਵਿਚ 911 ਦੀ ਸਰਵਿਸ ਨਹੀਂ ਹੈ ਤਾਂ ਆਪਣੀ ਲੋਕਲ ਪੁਲੀਸ ਦੇ ਐਮਰਜੰਸੀ ਫੋਨ ਨੰਬਰ 'ਤੇ ਫੋਨ ਕਰੋ।)**

## ਕੀ ਮੈਨੂੰ ਵਕੀਲ ਦੀ ਲੋੜ ਪਵੇਗੀ?

Will I need a lawyer?

ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਲੈਣ ਲਈ ਤੁਸੀਂ ਸੂਬਾਈ ਜਾਂ ਸੁਪਰੀਮ ਕੋਰਟ ਵਿੱਚੋਂ ਕਿਸੇ ਵਿਚ ਵੀ ਵਕੀਲ ਦੀ ਮਦਦ ਬਿਨਾਂ ਅਪਲਾਈ ਕਰ ਸਕਦੇ ਹੋ ਪਰ ਵਕੀਲ ਕਰਨਾ ਬਿਹਤਰ ਹੈ। ਜੇ ਤੁਸੀਂ ਲੀਗਲ ਏਡ ਲਈ ਯੋਗ ਨਾ ਹੋਵੋ ਅਤੇ ਵਕੀਲ ਨਾ ਕਰ ਸਕਦੇ ਹੋਵੋ ਤਾਂ ਹੋਰ ਮਦਦ ਮੌਜੂਦ ਹੈ। ਸਫਾ 36 'ਤੇ "ਮਦਦ ਕੌਣ ਕਰ ਸਕਦਾ ਹੈ" ਦੇਖੋ।

ਜੇ ਤੁਸੀਂ ਸੂਬਾਈ ਜਾਂ ਸੁਪਰੀਮ ਕੋਰਟ ਵਿਚ ਵਕੀਲ ਦੀ ਮਦਦ ਨਾਲ ਜਾਂਦੇ ਹੋ ਤਾਂ ਜੇ ਤੁਸੀਂ ਲੀਗਲ ਏਡ ਤੋਂ ਮੁਫਤ ਵਕੀਲ ਲਈ ਯੋਗ ਨਾ ਹੋਵੋ ਤਾਂ ਤੁਹਾਨੂੰ ਵਕੀਲ ਦੀਆਂ ਫੀਸਾਂ ਦੇਣ ਦੀ ਲੋੜ ਪਵੇਗੀ।

## ਮੈਂ ਅਦਾਲਤ ਦੇ ਫਾਰਮ ਕਿਵੇਂ ਲੈਣੇ ਹਨ?

How do I get the court forms?

ਸਾਰੇ ਫਾਰਮ ਔਨਲਾਈਨ ਉਪਲਬਧ ਹਨ। ਫਾਰਮਾਂ ਦੇ ਨਾਂ ਹੇਠਾਂ ਦਿੱਤੇ ਗਏ ਹਨ। **ਰਜਿਸਟਰੀ ਤੋਂ ਇਹ ਪਤਾ ਕਰੋ ਕਿ ਕੀ ਤੁਹਾਨੂੰ ਕੋਈ ਹੋਰ ਫਾਰਮ ਭਰਨ ਦੀ ਲੋੜ ਹੈ ਜਾਂ ਨਹੀਂ।**

### ਸੁਪਰੀਮ ਕੋਰਟ ਲਈ

For Supreme Court

- ਜੇ ਤੁਸੀਂ ਪਹਿਲਾਂ ਦਰਜ ਨਹੀਂ ਕਰਵਾਇਆ ਤਾਂ ਨੋਟਿਸ ਔਫ ਫੈਮਿਲੀ ਕਲੇਮ (ਫਾਰਮ ਐੱਫ 3)
- ਨੋਟਿਸ ਔਫ ਐਪਲੀਕੇਸ਼ਨ (ਫਾਰਮ ਐੱਫ 31)
- ਐਫੀਡੇਵਿਟ (ਫਾਰਮ ਐੱਫ 30)
- ਪ੍ਰੋਟੈਕਸ਼ਨ ਆਰਡਰ (ਫਾਰਮ ਐੱਫ 54)
- ਰੈਕੋਜ਼ੀਸ਼ਨ ਫਾਰ ਕੌਨਸੈਂਟ ਆਰਡਰ ਜਾਂ ਫਾਰ ਆਰਡਰ ਵਿਦਆਊਟ ਨੋਟਿਸ (ਫਾਰਮ ਐੱਫ 29) (ਸਫਾ 27 ਦੇਖੋ)

## ਸੂਬਾਈ ਅਦਾਲਤ ਲਈ
For Provincial Court

- ਐਪਲੀਕੇਸ਼ਨ ਟੂ ਅਬਟੇਨ ਐਨ ਆਰਡਰ (ਪੀ ਸੀ ਐੱਫ ਆਰ ਫਾਰਮ 1)
- ਨੋਟਿਸ ਔਫ ਮੋਸ਼ਨ (ਪੀ ਸੀ ਐੱਫ ਆਰ ਫਾਰਮ 16)
- ਐਫੀਡੇਵਿਟ (ਪੀ ਸੀ ਐੱਫ ਆਰ ਫਾਰਮ 17)

ਸੁਪਰੀਮ ਕੋਰਟ ਦੇ ਫਾਰਮ www2.gov.bc.ca/gov/content/justice/courthouse-services/documents-forms-records/court-forms/sup-family-forms ਉੱਪਰ ਹਨ।

ਸੂਬਾਈ ਅਦਾਲਤ ਦੇ ਫਾਰਮ www2.gov.bc.ca/gov/content/justice/courthouse-services/documents-forms-records/court-forms/prov-family-forms ਉੱਪਰ ਹਨ ਜਾਂ ਤੁਹਾਡੇ ਇਲਾਕੇ ਦੀ ਸੂਬਾਈ ਅਦਾਲਤ ਤੋਂ ਮਿਲਦੇ ਹਨ। (ਆਪਣੀ ਸਥਾਨਕ ਸੂਬਾਈ ਅਦਾਲਤ ਲੱਭਣ ਲਈ, www2.gov.bc.ca/gov/content/justice/courthouse-services/courthouse-locations ’ਤੇ ਔਨਲਾਈਨ ਚੈੱਕ ਕਰੋ।)

ਤੁਸੀਂ ਜਾਣਕਾਰੀ ਅਤੇ ਫਾਰਮਾਂ ਨਾਲ ਲਿੰਕ ਫੈਮਿਲੀ ਲਾਅ ਇਨ ਬੀ ਸੀ ਦੇ ਵੈੱਬਸਾਈਟ familylaw.lss.bc.ca ’ਤੇ ਵੀ ਦੇਖ ਸਕਦੇ ਹੋ।

ਜੇ ਤੁਹਾਡੇ ਕੋਲ ਵਕੀਲ ਹੋਵੇ ਤਾਂ ਉਹ ਫਾਰਮ ਭਰੇਗਾ ਅਤੇ ਮੋਹਰ ਲਵਾਏ ਜਾਣ ਲਈ ਅਤੇ ਤੁਹਾਡੀ ਫਾਇਲ ਵਿਚ ਰੱਖੇ ਜਾਣ ਲਈ ਇਨ੍ਹਾਂ ਨੂੰ ਕੋਰਟਹਾਊਸ ਦੀ ਰਜਿਸਟਰੀ ਵਿਚ ਲਿਜਾਏਗਾ। ਪਰ ਤੁਹਾਨੂੰ ਵਕੀਲ ਨੂੰ ਚਾਹੀਦੀ ਜਾਣਕਾਰੀ ਉਸ ਨੂੰ ਦੇ ਕੇ ਮਦਦ ਕਰਨੀ ਪਵੇਗੀ।

# ਕੀ ਮੇਰੇ ਪਾਰਟਨਰ ਨੂੰ ਇਹ ਜਾਣਨ ਦੀ ਲੋੜ ਹੈ ਕਿ ਮੈਂ ਅਪਲਾਈ ਕਰ ਰਹੀ/ਰਿਹਾ ਹਾਂ? ਅਤੇ ਜੇ ਮੈਨੂੰ ਆਰਡਰ ਫੌਰਨ ਚਾਹੀਦੇ ਹੋਣ ਤਾਂ ਕੀ ਹੋਵੇਗਾ?
Does my partner need to know that I’m applying? And what if I want the order right away?

ਤਿੰਨ ਚੋਣਾਂ ਹਨ ਜਿਹੜੀਆਂ ਤੁਸੀਂ ਆਪਣੇ ਵਕੀਲ ਜਾਂ ਡਿਊਟੀ ਕੌਂਸਲ ਨਾਲ ਵਿਚਾਰ ਸਕਦੇ ਹੋ:

- ਆਪਣੇ ਪਾਰਟਨਰ ਨੂੰ ਪਤਾ ਨਾ ਲੱਗਣ ਦਿਉ,
- ਆਪਣੇ ਪਾਰਟਨਰ ਨੂੰ ਪਤਾ ਲੱਗਣ ਦਿਉ ਪਰ ਆਰਡਰ ਛੇਤੀ ਨਾਲ ਲੈ ਲਉ,
- ਆਪਣੇ ਪਾਰਟਨਰ ਨੂੰ ਪਤਾ ਲੱਗਣ ਦਿਉ ਅਤੇ ਆਰਡਰ ਆਮ ਸਮੇਂ ਵਿਚ ਲੈ ਲਉ।

(ਤੁਹਾਨੂੰ ਅਦਾਲਤ ਜਾਣ ਬਾਰੇ ਆਪਣੇ ਪਾਰਟਨਰ ਨੂੰ ਨਿੱਜੀ ਤੌਰ ’ਤੇ ਦੱਸਣ ਦੀ ਲੋੜ ਨਹੀਂ ਹੈ। ਤੁਸੀਂ ਉਸ ਨੂੰ ਅਦਾਲਤ ਦੇ ਪੇਪਰ “ਸਰਵ” ਕਰਕੇ ਦੱਸਦੇ ਹੋ: ਪੇਪਰ ਭੇਜ ਕੇ (ਡਾਕ ਆਦਿ ਰਾਹੀਂ) ਜਾਂ ਪੇਪਰ ਦੇਣ ਲਈ ਕਿਸੇ ਦੀਆਂ ਸੇਵਾਵਾਂ ਲੈ ਕੇ।)

ਪਹਿਲੀ ਚੋਣ ਨਾਲ, ਤੁਹਾਡੇ ਪਾਰਟਨਰ ਲਈ ਇਹ ਜਾਣਨਾ ਜ਼ਰੂਰੀ ਨਹੀਂ ਹੈ ਕਿ ਤੁਸੀਂ ਅਦਾਲਤ ਜਾ ਰਹੇ ਹੋ ਜੇ ਉਸ ਨੂੰ ਦੱਸਣ ਨਾਲ ਤੁਹਾਡੀ ਸੇਫਟੀ ਦਾ ਖਤਰਾ ਵਧ ਜਾਵੇਗਾ। ਇਸ ਨੂੰ “ਵਿਦਾਊਟ ਨੋਟਿਸ” ਅਰਜ਼ੀ ਕਿਹਾ ਜਾਂਦਾ ਹੈ। ਇਹ ਉਸ ਆਮ ਨਿਯਮ ਵਿਚ ਇਕ ਛੋਟ ਹੈ ਕਿ ਉਨ੍ਹਾਂ ’ਤੇ ਅਸਰ ਪਾਉਣ ਵਾਲਾ ਆਰਡਰ ਕਰਨ ਤੋਂ ਪਹਿਲਾਂ ਦੋਨਾਂ ਧਿਰਾਂ ਨੂੰ ਜੱਜ ਅੱਗੇ ਸੁਣੇ ਜਾਣ ਦਾ ਮੌਕਾ ਮਿਲਣਾ ਜ਼ਰੂਰੀ ਹੈ। ਤੁਹਾਨੂੰ ਅਦਾਲਤ ਅੱਗੇ ਇਹ ਸਪਸ਼ਟ ਕਰਨਾ ਪਵੇਗਾ ਕਿ ਮਾਮਲਾ ਮਹੱਤਵਪੂਰਨ ਕਿਉਂ ਹੈ ਅਤੇ ਤੁਹਾਡੇ ਪਾਰਟਨਰ ਨੂੰ ਦੱਸਣਾ ਖਤਰਨਾਕ ਕਿਉਂ ਹੋਵੇਗਾ। ਜੱਜ ਤੁਹਾਡੇ ਤੋਂ ਆਪਣੀ ਪੂਰੀ ਕਹਾਣੀ ਦੱਸਣ ਦੀ ਉਮੀਦ ਰੱਖੇਗਾ।

ਜੇ ਜੱਜ ਆਰਡਰ ਕਰਦਾ ਹੈ ਤਾਂ ਅਦਾਲਤ ਦੇ ਆਰਡਰ ਦੀ ਕਾਪੀ ਤੁਹਾਡੇ ਪਾਰਟਨਰ ਨੂੰ ਸਰਵ ਕੀਤੀ ਜਾਣੀ (ਪਹੁੰਚਾਈ ਜਾਣੀ) ਜ਼ਰੂਰੀ ਹੈ।

ਜੇ ਤੁਹਾਡਾ ਪਾਰਟਨਰ ਬੀ ਸੀ ਵਿਚ ਹੋਵੇ, ਅਤੇ ਤੁਸੀਂ ਕੋਰਟ ਰਜਿਸਟਰੀ ਨੂੰ ਐਡਰੈਸ ਦੇ ਸਕਦੇ ਹੋਵੋ ਜਿੱਥੇ ਉਸ ਨੂੰ ਆਰਡਰ ਦਿੱਤਾ ਜਾ ਸਕਦਾ ਹੋਵੇ ਤਾਂ ਰਜਿਸਟਰੀ ਤੁਹਾਡੇ ਲਈ ਪ੍ਰੋਟੈਕਸ਼ਨ ਆਰਡਰ ਸਰਵ ਕਰੇਗੀ। ਪਰ, ਜੇ ਜੱਜ ਤੁਹਾਨੂੰ ਸਰਵਿਸ ਦਾ ਪ੍ਰਬੰਧ ਆਪ ਕਰਨ ਲਈ ਕਹਿੰਦਾ ਹੈ ਤਾਂ ਫੈਮਿਲੀ ਲਾਅ ਇਨ ਬੀ ਸੀ ਦੇ ਵੈੱਬਸਾਈਟ familylaw.lss.bc.ca ’ਤੇ ਪੇਪਰ ਸਰਵ ਕਰਨ ਬਾਰੇ ਸਵੈ-ਮਦਦ ਲਈ ਗਾਈਡਾਂ ਦੇਖੋ। (ਜੇ ਤੁਹਾਨੂੰ ਇਹ ਨਾ ਪਤਾ ਹੋਵੇ ਕਿ ਆਪਣੇ ਪਾਰਟਨਰ ਨੂੰ ਕਿੱਥੇ ਲੱਭਣਾ ਹੈ ਤਾਂ ਆਪਣੀਆਂ ਚੋਣਾਂ ਬਾਰੇ ਆਪਣੇ ਵਕੀਲ ਜਾਂ ਰਜਿਸਟਰੀ ਨਾਲ ਗੱਲ ਕਰੋ।)

ਤੁਹਾਡਾ ਪਾਰਟਨਰ ਫਿਰ ਅਦਾਲਤ ਵਿਚ ਜਾ ਸਕਦਾ ਹੈ ਅਤੇ ਇਹ ਮੰਗ ਕਰ ਸਕਦਾ ਹੈ ਕਿ ਆਰਡਰ ਕੈਂਸਲ ਕੀਤਾ ਜਾਵੇ ਜਾਂ ਬਦਲਿਆ ਜਾਵੇ। ਅਜਿਹਾ ਸਿਰਫ ਤਾਂ ਹੀ ਹੋ ਸਕਦਾ ਹੈ ਜੇ ਤੁਹਾਡਾ ਪਾਰਟਨਰ ਇਹ ਦਿਖਾ ਸਕਦਾ ਹੋਵੇ ਕਿ ਪਰਿਵਾਰਕ ਹਿੰਸਾ ਦਾ ਖਤਰਾ ਨਹੀਂ ਹੈ।



ਦੂਜੀ ਚੋਣ ਉਦੋਂ ਲਈ ਹੈ ਜਦੋਂ ਆਰਡਰ ਲੈਣ ਲਈ ਜ਼ਿਆਦਾ ਸਮਾਂ ਉਡੀਕ ਕਰਨਾ ਤੁਹਾਡੇ ਲਈ ਸੁਰੱਖਿਅਤ ਨਹੀਂ ਹੁੰਦਾ ਹੈ। ਤੁਹਾਡੇ ਪਾਰਟਨਰ ਨੂੰ ਇਹ ਪਤਾ ਲੱਗ ਜਾਵੇਗਾ ਕਿ ਤੁਸੀਂ ਅਦਾਲਤ ਨੂੰ ਜਾ ਰਹੇ ਹੋ, ਪਰ ਤੁਸੀਂ ਆਮ ਨਾਲੋਂ ਜ਼ਿਆਦਾ ਤੇਜ਼ੀ ਨਾਲ ਆਰਡਰ 'ਤੇ ਕਾਰਵਾਈ ਕੀਤੇ ਜਾਣ ਲਈ "ਸ਼ੌਰਟ-ਲੀਵ/ਅਰਜੈਂਟ" ਅਰਜ਼ੀ ਦੀ ਮੰਗ ਕਰਦੇ ਹੋ। ਤੁਹਾਡੇ ਪਾਰਟਨਰ ਨੂੰ ਅਦਾਲਤ ਜਾਣ ਤੋਂ ਪਹਿਲਾਂ ਜਵਾਬ ਦੇਣ ਲਈ ਸਿਰਫ ਥੋੜ੍ਹਾ ਸਮਾਂ ਹੀ ਦਿੱਤਾ ਜਾਵੇਗਾ।

ਤੀਜੀ ਚੋਣ ਨਾਲ, ਤੁਹਾਡੇ ਪਾਰਟਨਰ ਨੂੰ ਇਹ ਪਤਾ ਲੱਗੇਗਾ ਕਿ ਤੁਸੀਂ ਅਪਲਾਈ ਕਰ ਰਹੇ ਹੋ ਅਤੇ ਅਦਾਲਤ ਜਾਣ ਤੋਂ ਪਹਿਲਾਂ ਜਵਾਬ ਦੇਣ ਲਈ ਉਸ ਕੋਲ ਆਮ ਮਾਤਰਾ ਵਿਚ ਸਮਾਂ ਹੋਵੇਗਾ।

## ਕੀ ਮੇਰੇ ਲਈ ਅਦਾਲਤ ਦੀ ਸੁਣਵਾਈ ਲਈ ਜਾਣਾ ਜ਼ਰੂਰੀ ਹੈ?
Do I have to go to a court hearing?

ਜੇ ਤੁਸੀਂ ਆਰਡਰ ਵਿਦਾਊਟ ਨੋਟਿਸ (ਉਪਰ ਦੇਖੋ) ਨਹੀਂ ਬਣਾਉਂਦੇ ਤਾਂ ਤੁਹਾਨੂੰ ਅਤੇ ਤੁਹਾਡੇ ਪਾਰਟਨਰ ਦੋਨਾਂ ਨੂੰ ਤੁਹਾਡੀ ਅਰਜ਼ੀ ਬਾਰੇ ਸੁਣਵਾਈ ਲਈ ਇੱਕੋ ਅਦਾਲਤ ਵਿਚ ਜਾਣਾ ਪਵੇਗਾ।

ਜੇ ਤੁਹਾਡੇ ਕੋਲ ਵਕੀਲ ਹੈ ਤਾਂ ਤੁਹਾਡੀ ਅਰਜ਼ੀ ਬਾਰੇ ਅਦਾਲਤ ਦੀ ਸੁਣਵਾਈ ਦਾ ਸਮਾਂ ਮਿੱਥਣ ਲਈ ਤੁਹਾਡਾ ਵਕੀਲ ਕੋਰਟ ਰਜਿਸਟਰੀ ਨਾਲ ਰਲ ਕੇ ਕੰਮ ਕਰੇਗਾ। ਜੇ ਤੁਸੀਂ ਵਕੀਲ ਤੋਂ ਬਿਨਾਂ ਅਦਾਲਤ ਜਾ ਰਹੇ ਹੋਵੋ ਤਾਂ ਕੋਰਟ ਦਾ ਸਟਾਫ ਤੁਹਾਨੂੰ ਦੱਸੇਗਾ ਕਿ ਤੁਹਾਨੂੰ ਕਦੋਂ ਅਦਾਲਤ ਵਿਚ ਜਾਣ ਦੀ ਲੋੜ ਹੈ। ਆਪਣੇ ਪਾਰਟਨਰ ਨੂੰ ਸੁਣਵਾਈ ਬਾਰੇ ਦੱਸਣ ਲਈ ਅਰਜ਼ੀ ਸਰਵ ਕਰਨ ਦੀ ਜ਼ਿੰਮੇਵਾਰੀ ਤੁਹਾਡੀ ਹੈ।

## ਅਦਾਲਤ ਦੀ ਸੁਣਵਾਈ ਵਿਚ ਕੀ ਹੁੰਦਾ ਹੈ?
What happens at the court hearing?

ਅਦਾਲਤ ਦੀ ਸੁਣਵਾਈ ਵਿਖੇ ਕੀ ਹੁੰਦਾ ਹੈ, ਇਹ ਇਸ ਚੀਜ਼ 'ਤੇ ਨਿਰਭਰ ਕਰਦਾ ਹੈ ਕਿ ਕੀ ਤੁਸੀਂ ਸੂਬਾਈ ਜਾਂ ਸੁਪਰੀਮ ਕੋਰਟ ਵਿਚ ਹੋ, ਅਤੇ ਕੀ ਤੁਹਾਡੇ ਕੋਲ ਵਕੀਲ ਹੈ ਜਾਂ ਨਹੀਂ।

### ਸੂਬਾਈ ਅਦਾਲਤ ਵਿਚ
In Provincial Court

- ਜੇ ਤੁਹਾਡੇ ਕੋਲ ਵਕੀਲ ਹੈ ਤਾਂ ਤੁਹਾਡਾ ਵਕੀਲ ਤੁਹਾਡੀ ਤਰਫੋਂ ਕੇਸ ਪੇਸ਼ ਕਰੇਗਾ, ਜਿਸ ਵਿਚ ਉਹ ਸ਼ਰਤਾਂ ਵੀ ਸ਼ਾਮਲ ਹੋਣਗੀਆਂ ਜਿਹੜੀਆਂ ਤੁਸੀਂ ਆਰਡਰ ਵਿਚ ਚਾਹੁੰਦੇ ਹੋ, ਪਰ ਤੁਹਾਡੇ ਤੋਂ "ਸਬੂਤ ਦੇਣ" ਦੀ ਆਸ ਰੱਖੀ ਜਾਵੇਗੀ। ਇਸ ਦਾ ਮਤਲਬ ਹੈ ਕਿ ਤੁਹਾਡਾ ਵਕੀਲ ਤੁਹਾਨੂੰ ਕਹੇਗਾ:
    - ਕਿ ਤੁਸੀਂ ਸਹੁੰ ਖਾ ਕੇ ਜੱਜ ਨੂੰ ਦੱਸੋ ਕਿ ਤੁਹਾਨੂੰ ਆਰਡਰ ਦੀ ਲੋੜ ਕਿਉਂ ਹੈ, ਜਾਂ

  - ਕਿ ਤੁਸੀਂ ਉਨ੍ਹਾਂ ਨੂੰ ਤੱਥ ਦਿਉ ਅਤੇ ਉਹ ਇਹ ਅਦਾਲਤ ਲਈ ਐਫੀਡੇਵਿਟ (ਹਲਫੀਆ ਬਿਆਨ) ਵਿਚ ਪਾਵੇਗਾ।
- ਜੇ ਤੁਹਾਡੇ ਕੋਲ ਵਕੀਲ ਨਹੀਂ ਹੈ ਤਾਂ ਜੱਜ ਤੁਹਾਨੂੰ ਆਪਣੀ ਹਾਲਤ ਦੱਸਣ ਲਈ ਕਹੇਗਾ ਅਤੇ ਇਹ ਪੁੱਛੇਗਾ ਕਿ ਤੁਸੀਂ ਆਰਡਰ ਵਿਚ ਕੀ ਚਾਹੁੰਦੇ ਹੋ।

ਆਪਣੀ ਕਹਾਣੀ ਦੀ ਹਿਮਾਇਤ ਵਿਚ ਤੁਸੀਂ ਜਾਂ ਤੁਹਾਡਾ ਵਕੀਲ ਗਵਾਹ ਵੀ ਸੱਦ ਸਕਦੇ ਹੋ, ਭਾਵੇਂ ਕਿ ਇਹ ਕਰਨਾ ਜ਼ਰੂਰੀ ਨਹੀਂ ਹੈ — **ਤੁਹਾਡੀ ਗਵਾਹੀ ਜਾਂ ਐਫੀਡੇਵਿਟ ਵਿਚ ਦਿੱਤੀ ਗਵਾਹੀ ਹੀ ਕਾਫੀ ਹੈ।**

ਸੁਣਵਾਈ ਦੌਰਾਨ ਤੁਹਾਡਾ ਪਾਰਟਨਰ (ਜਾਂ ਉਸਦਾ ਵਕੀਲ) ਤੁਹਾਨੂੰ ਜਾਂ ਤੁਹਾਡੇ ਗਵਾਹਾਂ ਨੂੰ ਸਵਾਲ ਪੁੱਛ ਸਕਦਾ ਹੈ। ਜਾਂ, ਤੁਹਾਡਾ ਪਾਰਟਨਰ ਇਕ ਐਫੀਡੇਵਿਟ ਦਰਜ ਕਰਵਾ ਸਕਦਾ ਹੈ ਜਿਹੜਾ ਉਸ ਦਾ ਪੱਖ ਦੱਸਦਾ ਹੈ ਅਤੇ ਉਹ ਆਪਣੇ ਗਵਾਹ ਵੀ ਸੱਦ ਸਕਦਾ ਹੈ।

## ਸੁਪਰੀਮ ਕੋਰਟ ਵਿਚ
In Supreme Court

- ਜੇ ਤੁਹਾਡੇ ਕੋਲ ਵਕੀਲ ਹੈ ਤਾਂ ਤੁਹਾਡਾ ਵਕੀਲ ਤੁਹਾਡੇ ਐਫੀਡੇਵਿਟਸ (ਹਲਫੀਆ ਬਿਆਨਾਂ) ਅਤੇ ਹੋਰ ਗਵਾਹਾਂ ਦੇ ਬਿਆਨਾਂ ਨਾਲ ਤੁਹਾਡੀ ਤਰਫੋਂ ਤੁਹਾਡਾ ਕੇਸ ਪੇਸ਼ ਕਰੇਗਾ। ਆਮ ਤੌਰ ਤੇ ਤੁਹਾਨੂੰ ਬੋਲਣ ਲਈ ਨਹੀਂ ਕਿਹਾ ਜਾਵੇਗਾ। ਖਰਚੇ ਅਤੇ ਅਦਾਲਤ ਦੀ ਤਾਰੀਕ ਦੀ ਲੰਮੀ ਉਡੀਕ ਕਰਕੇ ਸੁਪਰੀਮ ਕੋਰਟ ਵਿਚ ਮੁਕੱਦਮਾ ਬਹੁਤ ਘੱਟ ਹੀ ਲੜਿਆ ਜਾਂਦਾ ਹੈ। ਆਮ ਤੌਰ ’ਤੇ, ਤੁਹਾਡਾ ਵਕੀਲ ਲੰਬੀ ਉਡੀਕ ਕਰਨ ਅਤੇ ਰਸਮੀ ਮੁਕੱਦਮੇ ਦੀ ਬਜਾਏ ਅਦਾਲਤ ਨੂੰ ਛੋਟੀਆਂ ਅਰਜ਼ੀਆਂ ਕਰਨ ਲਈ ਜਾਵੇਗਾ।
- ਜੇ ਤੁਹਾਡੇ ਕੋਲ ਵਕੀਲ ਨਾ ਹੋਵੇ ਤਾਂ ਜੱਜ ਤੁਹਾਨੂੰ ਕਹੇਗਾ ਕਿ ਤੁਸੀਂ ਆਪਣੀ ਹਾਲਤ ਬਾਰੇ ਦੱਸੋ ਅਤੇ ਆਪਣਾ ਐਫੀਡੇਵਿਟ ਦਿਉ ਅਤੇ ਜੇ ਕੋਈ ਗਵਾਹ ਹੈ ਤਾਂ ਗਵਾਹਾਂ ਦੇ ਐਫੀਡੇਵਿਟ ਪੇਸ਼ ਕਰੋ।

ਤੁਹਾਡਾ ਪਾਰਟਨਰ (ਜਾਂ ਉਸਦਾ ਵਕੀਲ) ਘਟਨਾਵਾਂ ਨਾਲ ਸੰਬੰਧਿਤ ਆਪਣੇ ਪੱਖ ਦੀ ਹਿਮਾਇਤ ਵਿਚ ਵੀ ਐਫੀਡੇਵਿਟ ਦੇਵੇਗਾ।

# ਜੱਜ ਫੈਸਲਾ ਕਿਵੇਂ ਕਰਦਾ ਹੈ?
How does the judge decide?

ਜੱਜ ਆਪਣਾ ਫੈਸਲਾ ਸੁਣਵਾਈ ਵਿਚ ਪੇਸ਼ ਕੀਤੇ ਗਏ ਤੱਥਾਂ ਨੂੰ ਆਧਾਰ ਬਣਾ ਕੇ ਦੇਵੇਗਾ ਅਤੇ ਇਨ੍ਹਾਂ ਚੀਜ਼ਾਂ ’ਤੇ ਵਿਚਾਰ ਵੀ ਕਰੇਗਾ:

- ਤੁਹਾਡੇ ਪਾਰਟਨਰ ਵਲੋਂ ਪਰਿਵਾਰਕ ਹਿੰਸਾ ਦੀ ਕੋਈ ਹਿਸਟਰੀ;
- ਕੀ ਹਿੰਸਾ ਵਧ ਰਹੀ ਹੈ;
- ਕੀ ਮਾਨਿਸਕ ਬੁਰਾ ਵਰਤਾਉ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਦੇ ਮੈਂਬਰ (ਮੈਂਬਰਾਂ) ਨੂੰ ਉਹ ਚੀਜ਼ਾਂ ਕਰਨ ਲਈ ਮਜ਼ਬੂਰ ਕਰਨ ਦਾ ਪੈਟਰਨ

ਦਿਖਾਉਂਦਾ ਹੈ ਜਿਹੜੀਆਂ ਉਹ ਚਾਹੁੰਦਾ ਹੈ;

- ਆਪਣੇ ਪਾਰਟਨਰ ਨਾਲ ਤੁਹਾਡੇ ਮੌਜੂਦਾ ਸੰਬੰਧ, ਸਮੇਤ ਤੁਹਾਡੇ ਅਲੱਗ ਹੋਣ ਦੇ;
- ਤੁਹਾਡੇ ਪਾਰਟਨਰ ਦੇ ਖਾਸ ਮਾਮਲੇ ਜਿਵੇਂ ਕਿ ਨਸ਼ਿਆਂ ਦੀ ਦੁਰਵਰਤੋਂ, ਰੁਜ਼ਗਾਰ ਜਾਂ ਮਾਇਕ ਸਮੱਸਿਆਵਾਂ, ਮਾਨਸਿਕ ਸਿਹਤ ਦੀਆਂ ਸਮੱਸਿਆਵਾਂ, ਅਤੇ ਹਥਿਆਰਾਂ ਤੱਕ ਪਹੁੰਚ; ਅਤੇ
- ਤੁਹਾਡੇ ਜਾਂ ਪਰਿਵਾਰ ਦੇ ਹੋਰ ਮੈਂਬਰ (ਮੈਂਬਰਾਂ) ਦੇ ਖਾਸ ਮਾਮਲੇ ਜਿਵੇਂ ਕਿ ਗਰਭ ਜਾਂ ਪਰਿਵਾਰ ਦੀਆਂ ਹਾਲਤਾਂ, ਜਾਂ ਕੀ ਤੁਹਾਨੂੰ ਪੈਸਿਆਂ ਲਈ ਉਸ ’ਤੇ ਨਿਰਭਰ ਹੋਣਾ ਪੈਂਦਾ ਹੈ।

## ਜੱਜ ਕੀ ਫੈਸਲਾ ਕਰ ਸਕਦਾ ਹੈ?

What can the judge decide?

ਜੇ ਜੱਜ ਆਰਡਰ ਦਿੰਦਾ ਹੈ ਤਾਂ ਉਹ ਸਾਰੀਆਂ ਸ਼ਰਤਾਂ ਦਰਜ ਕਰੇਗਾ ਜਿਨ੍ਹਾਂ ਦੀ ਉਸ ਵਿਅਕਤੀ ਵਲੋਂ ਪਾਲਣਾ ਕਰਨਾ ਜ਼ਰੂਰੀ ਹੈ। ਜੱਜ ਅਜਿਹੇ ਆਰਡਰ ਕਰ ਸਕਦਾ ਹੈ ਜਿਹੜੇ ਤੁਹਾਡੇ ਪਾਰਟਨਰ ਨੂੰ ਇਹ ਚੀਜ਼ਾਂ ਕਰਨ ਤੋਂ ਮਨਾਹੀ ਕਰਦੇ ਹਨ:

- ਤੁਹਾਡੇ ਨਾਲ ਸਿੱਧੇ ਜਾਂ ਅਸਿੱਧੇ ਗੱਲਬਾਤ ਕਰਨ ਤੋਂ;
- ਤੁਹਾਡੇ ਬਾਰੇ ਜਾਣਕਾਰੀ ਜਾਂ ਤੁਹਾਡੀਆਂ ਤਸਵੀਰਾਂ ਵੰਡਣ ਤੋਂ;
- ਉਨ੍ਹਾਂ ਥਾਂਵਾਂ ’ਤੇ ਜਾਣ ਤੋਂ ਜਿੱਥੇ ਤੁਸੀਂ ਜਾਂ ਪਰਿਵਾਰ ਦੇ ਹੋਰ ਮੈਂਬਰ ਜਾਂਦੇ ਹੋ, ਜਿਸ ਵਿਚ ਸਕੂਲ, ਬਿਜ਼ਨਸ ਅਤੇ ਘਰ ਸ਼ਾਮਲ ਹਨ — ਭਾਵੇਂ ਉਹ ਘਰ ਦਾ ਮਾਲਕ ਵੀ ਹੋਵੇ;
- ਤੁਹਾਡਾ ਜਾਂ ਪਰਿਵਾਰ ਦੇ ਹੋਰ ਮੈਂਬਰਾਂ ਦਾ ਪਿੱਛਾ ਕਰਨ ਤੋਂ; ਅਤੇ
- ਹਥਿਆਰ ਰੱਖਣ ਤੋਂ।

ਜੱਜ ਕੁਝ ਗੱਲਬਾਤ ਕਰਨ ਦੀ ਆਗਿਆ ਦੇ ਸਕਦਾ ਹੈ, ਪਰ ਤਹਿ ਕੀਤੀਆਂ ਗਈਆਂ ਗਾਈਡਲਾਈਨਾਂ ਨਾਲ। ਜੱਜ ਇਹ ਵੀ ਕਰ ਸਕਦਾ ਹੈ:

- ਪੁਲੀਸ ਅਫਸਰ ਨੂੰ ਤੁਹਾਡੇ ਨਾਲ ਘਰ ਨੂੰ ਜਾਣ ਲਈ ਕਹਿ ਸਕਦਾ ਹੈ ਤਾਂ ਜੋ ਤੁਸੀਂ ਆਪਣੀਆਂ ਨਿੱਜੀ ਚੀਜ਼ਾਂ ਚੁੱਕ ਸਕੋ;
- ਹਥਿਆਰ ਖੋਹ ਸਕਦਾ ਹੈ; ਅਤੇ
- ਤੁਹਾਡੇ ਪਾਰਟਨਰ ਤੋਂ ਅਦਾਲਤ ਨੂੰ ਰਿਪੋਰਟ ਕਰਨ ਦੀ ਮੰਗ ਕਰ ਸਕਦਾ ਹੈ।

ਪਰ, ਜੇ ਤੁਹਾਡਾ ਪਾਰਟਨਰ ਇਹ ਦਿਖਾ ਸਕੇ ਕਿ ਪਰਿਵਾਰਕ ਹਿੰਸਾ ਦਾ ਕੋਈ ਖਤਰਾ ਨਹੀਂ ਹੈ ਤਾਂ ਜੱਜ ਤੁਹਾਡੀ ਅਰਜ਼ੀ ਤੋਂ ਨਾਂਹ ਕਰਨ ਦਾ ਫੈਸਲਾ ਕਰ ਸਕਦਾ ਹੈ।

ਜੇ ਤੁਹਾਡੀ ਅਰਜ਼ੀ ਰੱਦ ਹੋ ਜਾਂਦੀ ਹੈ ਤਾਂ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਲਈ ਦੁਬਾਰਾ ਅਪਲਾਈ ਕਰਨ ਬਾਰੇ ਜਾਂ ਕੰਡਕਟ ਆਰਡਰ

(ਵਤੀਰੇ ਬਾਰੇ ਆਰਡਰ) ਲੈਣ ਬਾਰੇ ਆਪਣੇ ਵਕੀਲ ਜਾਂ ਡਿਊਟੀ ਕੌਂਸਲ ਨਾਲ ਗੱਲ ਕਰੋ। ਕੰਡਕਟ ਆਰਡਰ ਤੁਹਾਡੇ ਪਾਰਟਨਰ ਨੂੰ ਇਹ ਦੱਸਦਾ ਹੈ ਕਿ ਤੁਹਾਡੇ, ਤੁਹਾਡੇ ਬੱਚਿਆਂ, ਜਾਂ ਉਸ ਤੋਂ ਪ੍ਰਭਾਵਿਤ ਹੋਣ ਵਾਲੇ ਕੀਤੇ ਹੋਰ ਵਿਅਕਤੀ ਦੇ ਸੰਬੰਧ ਵਿਚ ਉਹ ਕੀ ਕਰ ਸਕਦਾ ਹੈ ਅਤੇ ਕੀ ਨਹੀਂ ਕਰ ਸਕਦਾ। ਪ੍ਰੋਟੈਕਸ਼ਨ ਆਰਡਰ ਦੇ ਉਲਟ, ਕੰਡਕਟ ਆਰਡਰ ਦੀ ਉਲੰਘਣਾ ਕਰਨ ਨਾਲ ਕੋਈ ਮੁਜਰਮਾਨਾ ਸਿੱਟੇ ਨਹੀਂ ਨਿਕਲਦੇ, ਇਸ ਕਰਕੇ ਜੱਜ ਪ੍ਰੋਟੈਕਸ਼ਨ ਆਰਡਰ ਦੀ ਬਜਾਏ ਕੰਡਕਟ ਆਰਡਰ ਦਾ ਆਰਡਰ ਕਰਨ ਦਾ ਜ਼ਿਆਦਾ ਖਾਹਸ਼ਮੰਦ ਹੋ ਸਕਦਾ ਹੈ। ਜੇ ਤੁਹਾਡਾ ਪਾਰਟਨਰ ਕੰਡਕਟ ਆਰਡਰ ਦੀ ਉਲੰਘਣਾ ਕਰਦਾ ਹੈ ਤਾਂ ਇਸ ਨੂੰ ਲਾਗੂ ਕਰਵਾਉਣ ਲਈ ਤੁਹਾਨੂੰ ਅਦਾਲਤ ਜਾਣਾ ਪਵੇਗਾ। ਜੱਜ ਤੁਹਾਡੇ ਪਾਰਟਨਰ ਨੂੰ ਜੁਰਮਾਨਾ ਕਰ ਸਕਦਾ ਹੈ, ਸਖਤ ਕੰਡਕਟ ਆਰਡਰ ਜਾਰੀ ਕਰ ਸਕਦਾ ਹੈ, ਜਾਂ ਪ੍ਰੋਟੈਕਸ਼ਨ ਆਰਡਰ ਦਾ ਆਰਡਰ ਕਰਨ ਦਾ ਫੈਸਲਾ ਕਰ ਸਕਦਾ ਹੈ।

## ਆਰਡਰ ਕਿਵੇਂ ਤਿਆਰ ਕੀਤਾ ਜਾਂਦਾ ਹੈ?

### How is the order prepared?

ਜੇ ਜੱਜ ਕਿਸੇ ਹੋਰ ਤਰ੍ਹਾਂ ਆਰਡਰ ਨਹੀਂ ਕਰਦਾ ਤਾਂ ਕਲਰਕ ਜਾਂ ਰਜਿਸਟਰਾਰ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਤਿਆਰ ਕਰਨਗੇ। ਜੱਜ ਵਲੋਂ ਆਰਡਰ 'ਤੇ ਦਸਖਤ ਕਰਨ ਤੋਂ ਫੌਰਨ ਬਾਅਦ, ਕੋਰਟ ਦਾ ਸਟਾਫ ਇਸ ਨੂੰ ਪ੍ਰੋਟੈਕਸ਼ਨ ਆਰਡਰ ਰਜਿਸਟਰੀ ਕੋਲ ਭੇਜੇਗਾ। ਆਰਡਰ ਜੱਜ ਦੇ ਮੂੰਹ-ਜ਼ਬਾਨੀ ਆਰਡਰ ਕਰਨ ਤੋਂ ਫੌਰਨ ਬਾਅਦ ਲਾਗੂ ਹੋ ਜਾਂਦਾ ਹੈ।

## ਮੈਂ ਆਰਡਰ ਦਾ ਕੀ ਕਰਨਾ ਹੈ?

### What do I do with the order?

ਆਪਣੇ ਵਕੀਲ ਜਾਂ ਅਦਾਲਤ ਦੇ ਸਟਾਫ ਕੋਲੋਂ ਆਰਡਰ ਦੀ ਇਕ ਕਾਪੀ ਮੰਗਣਾ ਯਾਦ ਰੱਖੋ ਅਤੇ ਇਸ ਨੂੰ ਧਿਆਨ ਨਾਲ ਪੜ੍ਹੋ ਤਾਂ ਜੋ ਤੁਸੀਂ ਇਸ ਦੀਆਂ ਸ਼ਰਤਾਂ ਸਮਝ ਸਕੋ। ਇਹ ਪੱਕਾ ਕਰੋ ਕਿ ਨਾਂ, ਐਡਰੈਸ, ਅਤੇ ਜਨਮ ਦਿਨ ਸਹੀ ਲਿਖੇ ਗਏ ਹਨ। ਇਸ ਦੀ ਇਕ ਕਾਪੀ ਆਪਣੇ ਕੋਲ ਰੱਖਣਾ ਵੀ ਚੰਗਾ ਹੈ। ਜੇ ਤੁਹਾਡਾ ਪਾਰਟਨਰ ਕਿਸੇ ਸ਼ਰਤ ਦੀ ਪਾਲਣਾ ਨਾ ਕਰੇ ਤਾਂ ਜੋ ਤੁਸੀਂ ਇਹ ਪੁਲੀਸ ਨੂੰ ਦਿਖਾ ਸਕਦੇ ਹੋ।

ਜੇ ਆਰਡਰ ਵਿਚ ਤੁਹਾਡੇ ਬੱਚੇ ਵੀ ਸ਼ਾਮਲ ਹਨ ਤਾਂ ਇਸ ਦੀ ਇਕ ਕਾਪੀ ਉਨ੍ਹਾਂ ਨੂੰ ਦਿਉ ਜਿਹੜੇ ਬੱਚਿਆਂ ਦੀ ਉਦੋਂ ਦੇਖਭਾਲ ਕਰ ਰਹੇ ਹੁੰਦੇ ਹਨ ਜਦੋਂ ਉਹ ਤੁਹਾਡੇ ਨਾਲ ਨਹੀਂ ਹੁੰਦੇ ਜਿਵੇਂ ਕਿ ਉਨ੍ਹਾਂ ਦੇ ਟੀਚਰ, ਬੱਚਿਆਂ ਦੀ ਸੰਭਾਲ ਕਰਨ ਵਾਲੇ, ਕੋਚ, ਜਾਂ ਹੋਰ ਇਨਸਟਰੱਕਟਰ। ਉਨ੍ਹਾਂ ਨੂੰ ਦੱਸੋ ਕਿ ਜੇ ਤੁਹਾਡਾ ਪਾਰਟਨਰ ਆਰਡਰ ਵਿਚਲੀਆਂ ਸ਼ਰਤਾਂ ਦੀ ਪਾਲਣਾ ਨਹੀਂ ਕਰਦਾ ਤਾਂ ਉਹ ਪੁਲੀਸ ਨੂੰ ਫੋਨ ਕਰਨ।

# ਜੇ ਮੇਰਾ ਪਾਰਟਨਰ ਮੇਰੇ ਘਰ ਆ ਜਾਵੇ ਜਦ ਕਿ ਉਸ ਨੂੰ ਨਹੀਂ ਆਉਣਾ ਚਾਹੀਦਾ ਸੀ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

## What if my partner shows up at my home although they aren't supposed to?

**ਫੌਰਨ 911 ਨੂੰ ਫੋਨ ਕਰੋ।** (ਜੇ ਤੁਹਾਡੇ ਇਲਾਕੇ ਵਿਚ 911 ਦੀ ਸਰਵਿਸ ਨਹੀਂ ਹੈ ਤਾਂ ਆਪਣੀ ਲੋਕਲ ਪੁਲੀਸ ਦੇ ਐਮਰਜੰਸੀ ਫੋਨ ਨੰਬਰ 'ਤੇ ਫੋਨ ਕਰੋ।) ਇਹ ਯਾਦ ਰੱਖੋ ਕਿ ਪੁਲੀਸ ਅਤੇ ਆਰ ਸੀ ਐੱਮ ਪੀ ਸਾਰੇ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰਾਂ ਨੂੰ ਲਾਗੂ ਕਰ ਸਕਦੀ ਹੈ। ਉਨ੍ਹਾਂ ਨੂੰ ਦੱਸੋ ਕਿ ਤੁਹਾਡੇ ਕੋਲ ***ਫੈਮਿਲੀ ਲਾਅ ਐਕਟ*** ਅਧੀਨ ਪ੍ਰੋਟੈਕਸ਼ਨ ਆਰਡਰ ਹੈ ਅਤੇ ਆਰਡਰ ਵਿਚਲੇ ਵਿਅਕਤੀ ਨੇ ਇਸ ਵਿਚਲੀਆਂ ਸ਼ਰਤਾਂ ਪੂਰੀਆਂ ਨਹੀਂ ਕੀਤੀਆਂ। (ਜੇ ਤੁਹਾਡੇ ਕੋਲ ਵਕੀਲ ਹੋਵੇ ਤਾਂ ਉਸ ਨੂੰ ਫੋਨ ਕਰਨਾ ਵੀ ਚੰਗਾ ਖਿਆਲ ਹੈ।)

ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਦੀਆਂ ਸ਼ਰਤਾਂ ਪੂਰੀਆਂ ਨਾ ਕਰਨਾ ਇਕ ਜੁਰਮ ਹੈ। ਆਰਡਰ ਇਹ ਕਹਿੰਦਾ ਹੈ ਇਸ ਕਰਕੇ ਤੁਹਾਡੇ ਪਾਰਟਨਰ ਨੂੰ ਪਤਾ ਹੋਵੇਗਾ। ਜੇ ਉਹ ਆਰਡਰ ਦੀ "ਉਲੰਘਣਾ" ਕਰਦਾ ਹੈ ਤਾਂ ਬਹੁਤੇ ਕੇਸਾਂ ਵਿਚ ਪੁਲੀਸ ਉਸ ਨੂੰ ਗ੍ਰਿਫਤਾਰ ਕਰ ਲਵੇਗੀ (ਖਾਸ ਕਰਕੇ ਜੇ ਤੁਸੀਂ ਖਤਰੇ ਵਿਚ ਹੋਵੋ)। ਫਿਰ ਪੁਲੀਸ ਕਰਾਊਨ ਕੌਂਸਲ ਨੂੰ ਕਹੇਗੀ ਕਿ ਉਹ ਉਸ ਨੂੰ ਜੁਰਮ ਲਈ ਚਾਰਜ ਕਰੇ।

ਜੇ ਤੁਹਾਡਾ ਪਾਰਟਨਰ ਆਰਡਰ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਦਾ ਦੋਸ਼ੀ ਠਹਿਰਾਇਆ ਜਾਂਦਾ ਹੈ ਤਾਂ ਉਸ ਨੂੰ ਜੁਰਮਾਨਾ ਹੋ ਸਕਦਾ ਹੈ, ਜੇਲ੍ਹ ਭੇਜਿਆ ਜਾ ਸਕਦਾ ਹੈ, ਜਾਂ ਪ੍ਰੋਬੇਸ਼ਨ 'ਤੇ ਰੱਖਿਆ ਜਾ ਸਕਦਾ ਹੈ। ਉਸ ਦਾ ਰਿਕਾਰਡ ਮੁਜਰਮਾਨਾ ਬਣ ਜਾਵੇਗਾ। ਸਜ਼ਾ ਦਾ ਫੈਸਲਾ ਜੱਜ ਕੇਸ ਦੇ ਵੇਰਵਿਆਂ ਦੇ ਆਧਾਰ 'ਤੇ ਕਰੇਗਾ। ਜੇ ਹਾਲਾਤ ਬਹੁਤ ਗੰਭੀਰ ਨਾ ਹੋਣ ਜਾਂ ਜੇ ਉਸ ਨੇ ਪਹਿਲਾਂ ਵੀ ਅਦਾਲਤ ਦੇ ਆਰਡਰਾਂ ਦੀ ਉਲੰਘਣਾ ਨਾ ਕੀਤੀ ਹੋਵੇ ਤਾਂ ਆਮ ਤੌਰ 'ਤੇ ਜੱਜ ਵੱਧ ਤੋਂ ਵੱਧ ਜੁਰਮਾਨੇ ਜਾਂ ਸਜ਼ਾ ਦੀ ਚੋਣ ਨਹੀਂ ਕਰੇਗਾ।

# ਆਰਡਰ ਦੇ ਲਾਗੂ ਹੋ ਜਾਣ ਤੋਂ ਬਾਅਦ ਜੇ ਮੈਂ ਆਪਣੇ ਪਾਰਟਨਰ ਨੂੰ ਮਿਲਣਾ ਚਾਹਾਂ ਜਾਂ ਉਸ ਨਾਲ ਗੱਲ ਕਰਨਾ ਚਾਹਾਂ ਤਾਂ ਕੀ ਹੋਵੇਗਾ?

## What if I want to see or talk to my partner after the order is in place?

ਇਕ ਵਾਰ ਤੁਹਾਨੂੰ ਆਰਡਰ ਮਿਲ ਜਾਣ 'ਤੇ, ਇਸ ਵਿਚਲੇ ਵਿਅਕਤੀ ਨੂੰ ਇਸ ਦੀਆਂ ਸ਼ਰਤਾਂ ਦੀ ਪਾਲਣਾ ਜ਼ਰੂਰ ਕਰਨੀ ਪਵੇਗੀ। ਜੇ ਤੁਹਾਡਾ ਪਾਰਟਨਰ ਅਜਿਹਾ ਨਹੀਂ ਕਰਦਾ ਤਾਂ ਉਹ ਕਾਨੂੰਨ ਤੋੜ ਰਿਹਾ ਹੈ। ਇਸ ਦਾ ਮਤਲਬ ਹੈ ਕਿ "ਕੋਈ ਸੰਪਰਕ ਨਹੀਂ" ਦੀ ਸ਼ਰਤ ਲਾਗੂ ਹੋ ਜਾਣ 'ਤੇ, ਤੁਹਾਡਾ ਪਾਰਟਨਰ ਤੁਹਾਡੇ ਨਾਲ ਸੰਪਰਕ ਨਹੀਂ ਕਰ ਸਕਦਾ ਭਾਵੇਂ ਤੁਸੀਂ ਅਜਿਹਾ ਚਾਹੁੰਦੇ ਵੀ ਹੋਵੋ (ਜੇ ਜੱਜ ਪ੍ਰੋਟੈਕਸ਼ਨ ਆਰਡਰ ਬਦਲ ਨਹੀਂ

ਦਿੰਦਾ)। ਉਦਾਹਰਣ ਲਈ ਜੇ ਤੁਸੀਂ ਆਪਣੇ ਪਾਰਟਨਰ ਨੂੰ ਸੱਦਦੇ ਹੋ ਤਾਂ ਉਸ ਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ। (ਪਰ ਤੁਹਾਨੂੰ ਆਪਣੇ ਪਾਰਟਨਰ ਨਾਲ ਸੰਪਰਕ ਕਰਨ ਦੇ ਜੁਰਮ ਲਈ **ਚਾਰਜ ਨਹੀਂ ਕੀਤਾ ਜਾ ਸਕਦਾ** ਕਿਉਂਕਿ ਆਰਡਰ ਤੁਹਾਡੇ ਖਿਲਾਫ ਨਹੀਂ ਕੀਤਾ ਗਿਆ ਸੀ — ਇਹ ਤੁਹਾਡੀ ਹਿਫਾਜ਼ਤ ਲਈ ਹੈ।)

# ਜੇ ਮੈਂ ਆਰਡਰ ਬਦਲਣਾ ਜਾਂ ਕੈਂਸਲ ਕਰਨਾ ਚਾਹਾਂ ਤਾਂ ਕੀ ਹੋਵੇਗਾ?

### What if I want the order changed or cancelled?

ਇਹ ਗੱਲ ਯਾਦ ਰੱਖੋ ਕਿ ਆਰਡਰ ਤੁਹਾਡੀ ਹਿਫਾਜ਼ਤ ਲਈ ਕੀਤਾ ਗਿਆ ਸੀ। ਇਸ ਵਿਚ ਕੋਈ ਵੀ ਤਬਦੀਲੀ ਕਰਵਾਉਣ ਤੋਂ ਪਹਿਲਾਂ, ਤੁਹਾਨੂੰ ਕਿਸੇ ਵਿਕਟਿਮ ਸਰਵਿਸ ਵਰਕਰ ਅਤੇ/ਜਾਂ ਕਿਸੇ ਵਕੀਲ ਨਾਲ ਗੱਲ ਕਰਕੇ ਇਹ ਪੁੱਛਣਾ ਚਾਹੀਦਾ ਹੈ ਕਿ ਇਸ ਦਾ ਤੁਹਾਡੀ ਨਿੱਜੀ ਸੁਰੱਖਿਆ ਅਤੇ/ਜਾਂ ਤੁਹਾਡੇ ਕੇਸ ’ਤੇ ਕੀ ਅਸਰ ਪੈ ਸਕਦਾ ਹੈ। ਜੇ ਤੁਸੀਂ ਅਜੇ ਵੀ ਆਰਡਰ ਬਦਲਣਾ ਜਾਂ ਕੈਂਸਲ ਕਰਨਾ ਚਾਹੁੰਦੇ ਹੋਵੋ ਤਾਂ ਤੁਹਾਨੂੰ ਉਸ ਅਦਾਲਤ ਕੋਲ ਅਪਲਾਈ ਕਰਨ ਦੀ ਲੋੜ ਪਵੇਗੀ ਜਿਸ ਨੇ ਇਹ ਜਾਰੀ ਕੀਤਾ ਸੀ।

# ਜੇ ਮੈਂ ਕਿਸੇ ਹੋਰ ਸੂਬੇ ਵਿਚ ਮੂਵ ਹੋ ਜਾਵਾਂ ਤਾਂ ਕੀ ਹੋਵੇਗਾ?

### What if I move to another province?

ਤੁਹਾਡੇ ਨਵੇਂ ਸੂਬੇ ਦੀ ਪੁਲੀਸ ਜਾਂ ਆਰ ਸੀ ਐੱਮ ਪੀ ਤੁਹਾਡਾ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਲਾਗੂ ਕਰਨ ਦੇ ਯੋਗ ਹੋ ਸਕਦੀ ਹੈ। ਆਪਣੇ ਨਵੇਂ ਸੂਬੇ ਵਿਚਲੀ ਨੇੜਲੀ ਕੋਰਟ ਰਜਿਸਟਰੀ ਤੋਂ ਚੈੱਕ ਕਰੋ। ਅਦਾਲਤ ਦਾ ਸਟਾਫ ਤੁਹਾਨੂੰ ਦੱਸੇਗਾ ਕਿ ਕੀ (ਅਤੇ ਕਿਵੇਂ) ਤੁਸੀਂ ਬੀ ਸੀ ਤੋਂ ਆਪਣਾ ਆਰਡਰ ਸਵੀਕਾਰ ਕਰਵਾ ਸਕਦੇ ਹੋ ਜਾਂ ਕੀ ਤੁਹਾਨੂੰ ਨਵੇਂ ਲਈ ਅਪਲਾਈ ਕਰਨ ਦੀ ਲੋੜ ਪਵੇਗੀ। ਉਹ ਤੁਹਾਨੂੰ ਆਪਣੇ ਬੀ ਸੀ ਦੇ ਆਰਡਰ ਦੀ ਕਾਪੀ ਲੋਕਲ ਪੁਲੀਸ ਕੋਲ ਲੈ ਕੇ ਜਾਣ ਲਈ ਵੀ ਕਹਿ ਸਕਦੇ ਹਨ।

## ਜੇ ਮੇਰਾ ਪਾਰਟਨਰ ਆਰਡਰ ਵਲੋਂ ਕਹੀ ਗਈ ਹਰ ਚੀਜ਼ ਦੀ ਪਾਲਣਾ ਕਰਦਾ ਹੈ ਤਾਂ ਕੀ ਹੋਵੇਗਾ?

### What happens if my partner follows everything the order says?

ਜੇ ਤੁਹਾਡਾ ਪਾਰਟਨਰ ਆਰਡਰ ਵਲੋਂ ਕਹੀ ਗਈ ਹਰ ਚੀਜ਼ ਦੀ ਪਾਲਣਾ ਕਰਦਾ ਹੈ ਅਤੇ ਤੁਹਾਨੂੰ ਹੁਣ ਆਪਣੀ ਸੇਫਟੀ ਲਈ ਡਰ ਨਹੀਂ ਲੱਗਦਾ, ਅਤੇ ਆਰਡਰ ਨੂੰ ਵਧਾਉਣ ਲਈ ਤੁਹਾਨੂੰ ਅਪਲਾਈ ਕਰਨ ਦੀ ਲੋੜ ਨਹੀਂ ਹੈ ਤਾਂ ਆਰਡਰ ਦੀ ਮਿਆਦ ਮੁੱਕ (ਖਤਮ ਹੋ) ਜਾਵੇਗੀ। ਅਗਾਂਹ ਕੁਝ ਨਹੀਂ ਹੋਵੇਗਾ। ਪ੍ਰੋਟੈਕਸ਼ਨ ਆਰਡਰ ਕੋਈ ਮੁਜਰਮਾਨਾ ਜੁਰਮ ਨਹੀਂ ਹੈ ਅਤੇ ਇਸ ਕਰਕੇ ਤੁਹਾਡੇ ਪਾਰਟਨਰ ਦਾ ਕੋਈ ਮੁਜਰਮਾਨਾ ਰਿਕਾਰਡ ਨਹੀਂ ਬਣੇਗਾ।

## ਜੇ ਆਰਡਰ ਖਤਮ ਹੋਣ ਵਾਲਾ ਹੋਵੇ ਅਤੇ ਮੈਨੂੰ ਅਜੇ ਵੀ ਆਪਣੀ ਸੇਫਟੀ ਲਈ ਡਰ ਲੱਗਦਾ ਹੋਵੇ ਤਾਂ ਮੈਂ ਕੀ ਕਰ ਸਕਦੀ ਹਾਂ?

### What can I do if the order is about to end and I'm still afraid for my safety?

ਫ਼ੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਉਦੋਂ ਤੱਕ ਰਹਿੰਦਾ ਹੈ ਜਦ ਤੱਕ ਲਈ ਜੱਜ ਇਸ ਨੂੰ ਤਹਿ ਕਰਦਾ ਹੈ। ਜੇ ਜੱਜ ਖਤਮ ਹੋਣ ਦੀ ਤਾਰੀਕ ਤਹਿ ਨਹੀਂ ਕਰਦਾ ਤਾਂ ਇਹ ਇਕ ਸਾਲ ਲਈ ਰਹਿੰਦਾ ਹੈ। ਜੇ ਤੁਸੀਂ ਅਜੇ ਵੀ ਆਪਣੀ ਸੇਫਟੀ ਲਈ ਡਰਦੇ ਹੋਵੋ ਅਤੇ ਤੁਹਾਡਾ ਆਰਡਰ ਖਤਮ ਹੋਣ ਵਾਲਾ ਹੋਵੇ ਤਾਂ ਇਕ ਹੋਰ ਫ਼ੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਲੈਣ ਬਾਰੇ ਕਿਸੇ ਵਕੀਲ ਜਾਂ ਲੀਗਲ ਏਡ ਨਾਲ ਗੱਲ ਕਰੋ। ਆਪਣੀ ਅਰਜ਼ੀ ਕਰਨ ਦੌਰਾਨ, ਤੁਹਾਨੂੰ ਜੱਜ ਨੂੰ ਇਹ ਨਿਸ਼ਚਾ ਕਰਵਾਉਣਾ ਪਵੇਗਾ ਕਿ ਤੁਹਾਨੂੰ ਅਜੇ ਵੀ ਆਪਣੀ ਸੇਫਟੀ ਦਾ ਡਰ ਹੈ ਜਾਂ ਤੁਹਾਨੂੰ ਨਵੇਂ ਸਬੂਤ ਦੇਣੇ ਪੈਣਗੇ। ਜੇ ਤੁਹਾਡੇ ਪਾਰਟਨਰ ਨੇ ਫ਼ੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਦੀ ਉਲੰਘਣਾ ਕੀਤੀ ਹੈ ਤਾਂ ਇਕ ਨਵੇਂ ਫ਼ੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਲਈ ਜੱਜ ਨੂੰ ਮਨਾਉਣ ਵਿਚ ਮਦਦ ਹੋਵੇਗੀ। ਇਸ ਕਰਕੇ ਹੀ ਸਾਰੀਆਂ ਉਲੰਘਣਾਵਾਂ ਦੀ ਰਿਪੋਰਟ ਕਰਨਾ ਜਾਂ ਇਨ੍ਹਾਂ ਨੂੰ ਲਿਖ ਲੈਣਾ ਜ਼ਰੂਰੀ ਹੈ।

ਕਿਸੇ ਵਿਕਟਿਮ ਸਰਵਿਸ ਵਰਕਰ ਨਾਲ ਗੱਲ ਕਰਨ ਬਾਰੇ ਵਿਚਾਰ ਕਰੋ ਜੋ ਕਿ ਸੇਫਟੀ ਪਲੈਨ ਤਿਆਰ ਕਰਨ ਵਿਚ ਤੁਹਾਡੀ ਮਦਦ ਕਰ ਸਕਦਾ ਹੈ।

# ਚੈਪਟਰ 5: ਮਦਦ ਕੌਣ ਕਰ ਸਕਦਾ ਹੈ

Chapter 5: Who Can Help

## ਪੁਲੀਸ/ਆਰ ਸੀ ਐੱਮ ਪੀ

Police/RCMP

ਐਮਰਜੰਸੀ ਵਿਚ ਪੁਲੀਸ ਲਈ ਸਦਾ 911 'ਤੇ ਫੋਨ ਕਰੋ। ਜੇ ਤੁਹਾਡੇ ਇਲਾਕੇ ਵਿਚ 911 ਸਰਵਿਸ ਨਹੀਂ ਹੈ ਤਾਂ ਆਪਣੀ ਲੋਕਲ ਪੁਲੀਸ ਦੇ ਐਮਰਜੰਸੀ ਨੰਬਰ 'ਤੇ ਫੋਨ ਕਰੋ। ਬਾਕੀ ਸਾਰੀਆਂ ਕਾਲਾਂ ਲਈ ਪੁਲੀਸ ਦੇ ਨੌਨ-ਐਮਰਜੰਸੀ ਨੰਬਰ 'ਤੇ ਫੋਨ ਕਰੋ।

## ਵਿਕਟਿਮਲਿੰਕ ਬੀ ਸੀ

VictimLinkBC

ਵਿਕਟਿਮਲਿੰਕ ਬੀ ਸੀ ਨੂੰ ਫੋਨ ਕਰੋ:

- ਕੋਈ ਲੋਕਲ ਵਿਕਟਿਮ ਸਰਵਿਸ, ਕੌਂਸਲਿੰਗ ਜਾਂ ਆਊਟਰੀਚ ਪ੍ਰੋਗਰਾਮ ਲੱਭਣ ਲਈ,
- ਕੋਈ ਟ੍ਰਾਂਜ਼ੀਸ਼ਨ ਹਾਊਸ ਲੱਭਣ ਲਈ, ਜਾਂ
- ਇਹ ਚੈੱਕ ਕਰਨ ਲਈ ਕਿ ਕੀ ਤੁਹਾਡਾ ਪੀਸ ਬੌਂਡ ਜਾ ਫੈਮਿਲੀ ਲਾਅ ਪ੍ਰੋਟੈਕਸਲਨ ਆਰਡਰ, ਪ੍ਰੋਟੈਕਸ਼ਨ ਆਰਡਰ ਰਜਿਸਟਰੀ ਵਿਚ ਦਰਜ ਹੋ ਗਿਆ ਹੈ।

ਵਿਕਟਿਮਲਿੰਕ ਬੀ ਸੀ ਦੀਆਂ ਸੇਵਾਵਾਂ 110 ਤੋਂ ਜ਼ਿਆਦਾ ਜ਼ਬਾਨਾਂ ਵਿਚ, ਦਿਨ ਦੇ 24 ਘੰਟੇ, ਹਫਤੇ ਦੇ 7 ਦਿਨ ਉਪਲਬਧ ਹਨ।

| | |
|---|---|
| ਫੋਨ: | **1-800-563-0808** (ਮੁਫਤ) |
| ਟੀ ਟੀ ਵਾਈ: | **604-875-0885**<br>(ਕੋਲੈਕਟ ਕਾਲ ਕਰਨ ਲਈ, ਟੈੱਲਅੱਸ ਰੀਲੇਅ ਸਰਵਿਸ ਨੂੰ 711 'ਤੇ ਫੋਨ ਕਰੋ) |
| ਟੈਕਸਟ: | **604-836-6381** |

victimlinkbc@bc211.ca
victimlinkbc.ca



## ਪੀੜਿਤਾਂ ਨੂੰ ਸਰਵਿਸ ਦੇਣ ਵਾਲੇ ਪ੍ਰੋਗਰਾਮ
Victim service programs

ਬੀ ਸੀ ਦੀ ਸਰਕਾਰ ਬ੍ਰਿਟਿਸ਼ ਕੋਲੰਬੀਆ ਭਰ ਵਿਚ 160 ਨਾਲੋਂ ਵੀ ਜ਼ਿਆਦਾ ਵਿਕਟਿਮ ਸਰਵਿਸ ਪ੍ਰੋਗਰਾਮਾਂ ਨੂੰ ਫੰਡ ਦਿੰਦੀ ਹੈ ਜਿਹੜੇ ਪ੍ਰੋਗਰਾਮ ਜੁਰਮਾਂ ਦੇ ਪੀੜਿਤਾਂ ਨੂੰ ਜਾਣਕਾਰੀ ਦਿੰਦੇ ਹਨ, ਅਗਾਂਹ ਭੇਜਦੇ ਹਨ, ਜਜ਼ਬਾਤੀ ਮਦਦ ਪ੍ਰਦਾਨ ਕਰਦੇ ਹਨ, ਸੇਫਟੀ ਦੀ ਪਲੈਨਿੰਗ ਅਤੇ ਵਿਹਾਰਕ ਮਦਦ ਕਰਦੇ ਹਨ। ਇਹ ਸੇਵਾਵਾਂ ਮੁਫਤ ਦਿੱਤੀਆਂ ਜਾਂਦੀਆਂ ਹਨ। ਆਪਣੇ ਇਲਾਕੇ ਵਿਚ ਵਿਕਟਿਮ ਸਰਵਿਸ ਪ੍ਰੋਗਰਾਮ ਲੱਭਣ ਲਈ ਵਿਕਟਿਮਲਿੰਕ ਬੀ ਸੀ ਨੂੰ ਫੋਨ ਕਰੋ ਜਾਂ www2.gov.bc.ca/assets/gov/law-crime-and-justice/criminal-justice/bc-criminal-justice-system/if-victim/publications/victim-service-directory.pdf ’ਤੇ ਵਿਕਟਿਮ ਸਰਵਿਸਿਜ਼ ਡਾਇਰੈਕਟਰੀ ਨਾਲ ਸਲਾਹ ਕਰੋ।

ਵਿਕਟਿਮਲਿੰਕ ਬੀ ਸੀ: 1-800-563-0808 (ਮੁਫਤ)

## ਹਿੰਸਾ ਦਾ ਸ਼ਿਕਾਰ ਹੋਣ ਵਾਲੀਆਂ ਔਰਤਾਂ ਲਈ ਸਲਾਹ-ਮਸ਼ਵਰੇ ਅਤੇ ਮਦਦ ਕਰਨ ਦੇ ਪ੍ਰੋਗਰਾਮ
Violence against women counselling and outreach programs

ਬੀ ਸੀ ਦੀ ਸਰਕਾਰ 240 ਨਾਲੋਂ ਜ਼ਿਆਦਾ ਪ੍ਰੋਗਰਾਮਾਂ ਨੂੰ ਫੰਡ ਦਿੰਦੀ ਹੈ ਜਿਹੜੇ ਉਨ੍ਹਾਂ ਔਰਤਾਂ ਅਤੇ ਬੱਚਿਆਂ ਨੂੰ ਸਲਾਹ-ਮਸ਼ਵਰੇ ਅਤੇ ਮਦਦ ਦੀਆਂ ਸੇਵਾਵਾਂ ਦਿੰਦੇ ਹਨ ਜਿਨ੍ਹਾਂ ’ਤੇ ਹਿੰਸਾ ਦਾ ਅਸਰ ਪਿਆ ਹੁੰਦਾ ਹੈ:

- ਸਟੌਪਿੰਗ ਦਿ ਵਾਇਲੈਂਸ ਕੌਂਸਲਿੰਗ ਪ੍ਰੋਗਰਾਮ, ਉਨ੍ਹਾਂ ਔਰਤਾਂ ਨੂੰ ਨਿੱਜੀ ਰੂਪ ਵਿਚ ਅਤੇ ਗਰੁੱਪਾਂ ਵਿਚ ਸਲਾਹ-ਮਸ਼ਵਰਾ ਦਿੰਦੇ ਹਨ ਜਿਨ੍ਹਾਂ ਨੂੰ ਬਚਪਨ ਵਿਚ ਬੁਰੇ ਵਰਤਾਉ, ਕਾਮੁਕ ਹਮਲੇ, ਅਤੇ ਆਪਣੇ ਸੰਬੰਧਾਂ ਵਿਚ ਹਿੰਸਾ ਦਾ ਸਾਹਮਣਾ ਕਰਨਾ ਪਿਆ ਹੁੰਦਾ ਹੈ।
- ਪੀਸ (ਰੋਕਥਾਮ, ਸਿੱਖਿਆ, ਹਿਮਾਇਤ, ਕੌਂਸਲਿੰਗ ਅਤੇ ਸਮਰਥਨ) ਪ੍ਰੋਗਰਾਮ 3 ਤੋਂ 18 ਸਾਲ ਦੀ ਉਮਰ ਦੇ ਉਨ੍ਹਾਂ ਬੱਚਿਆਂ ਲਈ ਗਰੁੱਪਾਂ ਵਿਚ ਅਤੇ ਨਿੱਜੀ ਰੂਪ ਵਿਚ ਸਲਾਹ-ਮਸ਼ਵਰਾ ਦਿੰਦੇ ਹਨ ਜਿਨ੍ਹਾਂ ਨੇ ਘਰ ਵਿਚ ਬੁਰਾ ਵਰਤਾਉ, ਧਮਕੀਆਂ, ਜਾਂ ਹਿੰਸਾ ਦੇਖੇ ਹੁੰਦੇ ਹਨ।
- ਆਊਟਰੀਚ ਸਰਵਿਸ ਪ੍ਰੋਗਰਾਮ, ਜਜ਼ਬਾਤੀ ਮਦਦ ਕਰਦੇ ਹਨ, ਜਾਣਕਾਰੀ ਦਿੰਦੇ ਅਤੇ ਅਗਾਂਹ ਭੇਜਦੇ ਹਨ, ਨਾਲ ਜਾਂਦੇ ਹਨ ਅਤੇ ਹੋਰ ਜ਼ਰੂਰੀ ਸੇਵਾਵਾਂ ਤੱਕ ਲੈ ਕੇ ਜਾਂਦੇ ਹਨ।
- ਮਲਟੀਕਲਚਰਲ ਆਊਟਰੀਚ ਸਰਵਿਸ ਪ੍ਰੋਗਰਾਮ ਇਹ ਪੱਕਾ ਕਰਨ ਲਈ ਸੇਵਾਵਾਂ ਦਿੰਦੇ ਹਨ ਕਿ ਇਮੀਗਰਾਂਟ ਅਤੇ ਨਵੇਂ ਆਉਣ ਵਾਲਿਆਂ ਨੂੰ ਉਨ੍ਹਾਂ ਵਰਕਰਾਂ ਤੋਂ ਮਦਦ ਮਿਲੇ ਜਿਹੜੇ ਉਨ੍ਹਾਂ ਦੀ ਬੋਲੀ ਬੋਲਦੇ ਹਨ ਅਤੇ ਉਨ੍ਹਾਂ ਦੇ ਸਭਿਆਚਾਰ ਤੋਂ ਜਾਣੂ ਹਨ।

ਇਹ ਸੇਵਾਵਾਂ ਮੁਫਤ ਹਨ। ਆਪਣੇ ਇਲਾਕੇ ਵਿਚ ਪ੍ਰੋਗਰਾਮ ਲੱਭਣ ਲਈ ਵਿਕਟਿਮਲਿੰਕ ਬੀ ਸੀ ਨੂੰ ਫੋਨ ਕਰੋ।

1-800-563-0808 (ਮੁਫਤ)

## ਟ੍ਰਾਂਜ਼ੀਸ਼ਨ ਹਾਊਸ ਪ੍ਰੋਗਰਾਮ
Transition house programs

ਟ੍ਰਾਂਜ਼ੀਸ਼ਨ ਹਾਊਸ, ਸੇਫ ਹੋਮਜ਼ ਅਤੇ ਦੂਜੀ ਪੱਧਰ ਦੇ ਰਿਹਾਇਸ਼ੀ ਪ੍ਰੋਗਰਾਮ ਵੱਖ ਵੱਖ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ। ਇਨ੍ਹਾਂ ਵਿਚ ਉਨ੍ਹਾਂ ਔਰਤਾਂ (ਬੱਚਿਆਂ ਨਾਲ ਜਾਂ ਬਿਨਾਂ ਬੱਚਿਆਂ ਦੇ) ਲਈ ਟੈਂਪਰੇਰੀ ਰਿਹਾਇਸ਼ ਅਤੇ ਮਦਦ ਦੀਆਂ ਸੇਵਾਵਾਂ ਸ਼ਾਮਲ ਹਨ ਜਿਨ੍ਹਾਂ ਨੂੰ ਹਿੰਸਾ ਦਾ ਸਾਹਮਣਾ ਕਰਨਾ ਪਿਆ ਹੈ ਜਾਂ ਜਿਨ੍ਹਾਂ ਨੂੰ ਹਿੰਸਾ ਦਾ ਖਤਰਾ ਹੈ। ਜ਼ਿਆਦਾ ਜਾਣਕਾਰੀ ਲਈ, ਬੀ ਸੀ ਹਾਊਜ਼ਿੰਗ ਦਾ ਵੈੱਬਸਾਈਟ bchousing.org/housing-assistance/women-fleeing-violence/transition-houses-safe-homes ਦੇਖੋ ਜਾਂ ਵਿਕਟਿਮਲਿੰਕ ਬੀ ਸੀ ਨੂੰ ਫੋਨ ਕਰੋ।

1-800-563-0808 (ਮੁਫਤ)

## ਲੀਗਲ ਏਡ (ਲੀਗਲ ਸਰਵਿਸਿਜ਼ ਸੁਸਾਇਟੀ)
Legal aid (Legal Services Society)

ਜੇ ਤੁਹਾਨੂੰ ਵਕੀਲ ਦੀ ਲੋੜ ਹੈ ਪਰ ਤੁਸੀਂ ਵਕੀਲ ਕਰ ਨਹੀਂ ਸਕਦੇ ਤਾਂ ਆਪਣਾ ਕੇਸ ਲੜਨ ਲਈ ਤੁਸੀਂ ਮੁਫਤ ਵਕੀਲ ਲੈਣ ਦੇ ਯੋਗ ਹੋ ਸਕਦੇ ਹੋ। ਲੀਗਲ ਏਡ ਉਨ੍ਹਾਂ ਲੋਕਾਂ ਲਈ ਮੁਫਤ ਵਕੀਲ ਦਿੰਦੀ ਹੈ ਜਿਨ੍ਹਾਂ ਦੀ ਆਮਦਨ ਇਕ ਖਾਸ ਪੱਧਰ ਤੋਂ ਘੱਟ ਹੁੰਦੀ ਹੈ ਅਤੇ ਜਿਸ ਦੀ ਕਾਨੂੰਨੀ ਸਮੱਸਿਆ ਲੀਗਲ ਏਡ ਹੇਠ ਕਵਰ ਹੁੰਦੀ ਹੈ। ਜੇ ਤੁਹਾਨੂੰ ਅਤੇ/ਜਾਂ ਤੁਹਾਡੇ ਬੱਚਿਆਂ ਨੂੰ ਆਪਣੇ ਪਾਰਟਨਰ ਤੋਂ ਸਰੀਰਕ ਹਿੰਸਾ ਦਾ ਖਤਰਾ ਹੋਵੇ ਤਾਂ ਤੁਹਾਨੂੰ ਵਕੀਲ ਮਿਲ ਸਕਦਾ ਹੈ। ਲੀਗਲ ਏਡ ਹੇਠ ਜਿਹੜੀਆਂ ਹੋਰ ਹਾਲਤਾਂ ਕਵਰ ਹਨ ਉਨ੍ਹਾਂ ਵਿਚ ਸ਼ਾਮਲ ਹਨ, ਜੇ ਤੁਹਾਨੂੰ ਆਪਣੇ ਬੱਚਿਆਂ ਨੂੰ ਮਿਲਣ, ਉਨ੍ਹਾਂ ਨਾਲ ਸੰਪਰਕ ਕਰਨ, ਜਾਂ ਆਪਣੇ ਬੱਚਿਆਂ ਤੱਕ ਪਹੁੰਚ ਕਰਨ ਤੋਂ ਨਾਂਹ ਕੀਤੀ ਜਾ ਰਹੀ ਹੈ, ਜਾਂ ਜੇ ਤੁਸੀਂ ਅਦਾਲਤ ਵਿਚ ਆਪਣੀ ਨੁਮਾਇੰਦਗੀ ਇਸ ਕਰਕੇ ਕਰਨ ਦੇ ਅਯੋਗ ਹੋ ਕਿਉਂਕਿ ਤੁਸੀਂ ਜਜ਼ਬਾਤੀ ਬੁਰੇ ਵਰਤਾਉ ਜਾਂ ਮਾਨਸਿਕ ਸਦਮੇ ਤੋਂ ਪੀੜਿਤ ਹੋ।

ਤੁਸੀਂ ਸੂਬੇ ਭਰ ਦੇ ਲੀਗਲ ਏਡ ਕਾਲ ਸੈਂਟਰ ਨੂੰ ਮੁਫਤ ਫੋਨ ਕਰ ਸਕਦੇ ਹੋ (ਫੋਨ ਨੰਬਰ ਹੇਠਾਂ ਦੇਖੋ) ਜਾਂ ਸੂਬੇ ਭਰ ਵਿਚਲੇ ਦਫਤਰਾਂ ਵਿਚ ਵੀ ਲੀਗਲ ਏਡ ਲਈ ਅਪਲਾਈ ਕਰ ਸਕਦੇ ਹੋ। ਆਪਣੇ ਨੇੜੇ ਦੇ ਲੀਗਲ ਏਡ ਦੇ ਦਫਤਰ ਦਾ ਫੋਨ ਨੰਬਰ ਲੈਣ ਲਈ legalaid.bc.ca/legal_aid/legalAidLocations.php ’ਤੇ ਲੀਗਲ ਏਡ ਦੇ ਵੈੱਬਸਾਈਟ ’ਤੇ ਦੇਖੋ।

ਜੇ ਤੁਸੀਂ ਅੰਗਰੇਜ਼ੀ ਨਾ ਬੋਲ ਸਕਦੇ ਹੋਵੋ ਅਤੇ ਤੁਸੀਂ ਅੰਗਰੇਜ਼ੀ ਬੋਲਣ ਵਾਲੇ ਕਿਸੇ ਵਿਅਕਤੀ ਨੂੰ ਨਾਲ ਨਾ ਲਿਆ ਸਕਦੇ ਹੋਵੋ ਤਾਂ ਲੀਗਲ ਏਡ ਦੋਭਾਸ਼ੀਏ ਦਾ ਖਰਚਾ ਦੇਵੇਗੀ। ਜੇ ਤੁਹਾਨੂੰ ਲੀਗਲ ਏਡ ਤੋਂ ਨਾਂਹ ਹੋ ਜਾਂਦੀ ਹੈ ਤਾਂ ਤੁਸੀਂ ਫੈਸਲੇ ਬਾਰੇ ਮੁੜ ਵਿਚਾਰ ਲਈ ਕਹਿਣ ਦੇ ਯੋਗ ਹੋ ਸਕਦੇ ਹੋ।

ਜੇ ਤੁਹਾਨੂੰ ਲੀਗਲ ਏਡ ਦੀ ਅਰਜ਼ੀ ਦੇ ਕਾਰਜ ਵਿਚ ਮਦਦ ਦੀ ਲੋੜ ਹੋਵੇ ਤਾਂ ਔਰਤਾਂ ਨੂੰ ਸੇਵਾਵਾਂ ਦੇਣ ਵਾਲੀ ਕਿਸੇ ਸੰਸਥਾ ਨਾਲ ਸੰਪਰਕ ਕਰੋ। ਇਨ੍ਹਾਂ ਸੰਸਥਾਵਾਂ ਕੋਲ ਅਕਸਰ ਅਜਿਹੇ ਹਿਮਾਇਤੀ (ਐਡਵੋਕੇਟ) ਹੁੰਦੇ ਹਨ ਜਿਹੜੇ ਕਾਰਜ ਨੂੰ ਜਾਣਦੇ ਹੁੰਦੇ ਹਨ ਅਤੇ ਉਹ ਅਪਲਾਈ ਕਰਨ ਵਿਚ ਤੁਹਾਡੀ ਮਦਦ ਕਰ ਸਕਦੇ ਹਨ।

ਲੀਗਲ ਏਡ ਕਾਲ ਸੈਂਟਰ:

| | |
|---|---|
| ਗਰੇਟਰ ਵੈਨਕੂਵਰ: | 604-408-2172 |
| ਬੀ ਸੀ ਵਿਚ ਹੋਰ ਕਿਤਿਉਂ ਵੀ: | 1-866-577-2525 (ਮੁਫਤ) |

# ਫੈਮਿਲੀ ਡਿਊਟੀ ਕੌਂਸਲ

Family duty counsel

ਆਪਣਾ ਕੇਸ ਲੜਨ ਲਈ ਜੇ ਤੁਸੀਂ ਲੀਗਲ ਏਡ ਲੈਣ ਦੇ ਯੋਗ ਨਹੀਂ ਹੋ ਤਾਂ ਵੀ ਤੁਸੀਂ ਫੈਮਿਲੀ ਡਿਊਟੀ ਕੌਂਸਲ ਤੋਂ ਮੁਫਤ ਮਦਦ ਲੈਣ ਦੇ ਹੱਕਦਾਰ ਹੋ ਸਕਦੇ ਹੋ। ਡਿਉਟੀ ਕੌਂਸਲ ਅਜਿਹੇ ਵਕੀਲ ਹਨ ਜਿਹੜੇ ਪਰਿਵਾਰਕ ਸਮੱਸਿਆਵਾਂ ਵਿਚ ਤੁਹਾਡੀ ਮਦਦ ਕਰ ਸਕਦੇ ਹਨ, ਜੇ ਤੁਸੀਂ ਮਾਇਕ ਤੌਰ ’ਤੇ ਯੋਗ ਹੋਵੋ। ਡਿਊਟੀ ਕੌਂਸਲ ਤੁਹਾਨੂੰ ਸਲਾਹ ਦੇ ਸਕਦੇ ਹਨ ਅਤੇ ਸੌਖੇ ਮਾਮਲਿਆਂ ’ਤੇ ਤੁਹਾਡੀ ਤਰਫੋਂ ਅਦਾਲਤ ਵਿਚ ਬੋਲ ਸਕਦੇ ਹਨ। ਡਿਊਟੀ ਕੌਂਸਲ ਤੁਹਾਡੀ ਮਦਦ ਕਰਨ ਦੇ ਯੋਗ ਹੋ ਸਕਦੇ ਹਨ ਭਾਵੇਂ ਤੁਹਾਡੀ ਆਮਦਨ ਗਾਈਡਲਾਈਨਾਂ ਤੋਂ ਉੱਪਰ ਹੀ ਹੋਵੇ। ਡਿਊਟੀ ਕੌਂਸਲ ਦਫਤਰਾਂ ਦੇ ਸਥਾਨਾਂ ਅਤੇ ਘੰਟਿਆਂ ਦਾ ਪਤਾ ਲਾਉਣ ਲਈ:

- legalaid.bc.ca/legal_aid/familyDutyCounsel.php, ’ਤੇ ਲੀਗਲ ਏਡ ਦਾ ਵੈੱਬਸਾਈਟ ਦੇਖੋ,
- ਆਪਣੇ ਲੀਗਲ ਏਡ ਦੇ ਲੋਕਲ ਦਫਤਰ ਨੂੰ ਫੋਨ ਕਰੋ (legalaid.bc.ca/legal_aid/legalAidLocations.php ਦੇਖੋ), ਜਾਂ
- ਆਪਣੀ ਲੋਕਲ ਕੋਰਟ ਰਜਿਸਟਰੀ ਨੂੰ ਫੋਨ ਕਰੋ। ਆਪਣੀ ਲੋਕਲ ਕੋਰਟ ਰਜਿਸਟਰੀ ਦਾ ਪਤਾ ਲਾਉਣ ਲਈ, www2.gov.bc.ca/gov/content/justice/courthouse-services/courthouse-locations ’ਤੇ ਜਾਉ।

# ਲੌਈਅਰ ਰੈੱਫਰੇਲ ਸਰਵਿਸ

Lawyer Referral Service

ਜੇ ਤੁਹਾਡੇ ਕੋਲ ਆਪਣਾ ਵਕੀਲ ਨਹੀਂ ਹੈ ਤਾਂ ਤੁਸੀਂ ਲੌਈਅਰ ਰੈੱਫਰੇਲ ਸਰਵਿਸ ਨੂੰ ਫੋਨ ਕਰ ਸਕਦੇ ਹੋ। ਉਹ ਤੁਹਾਨੂੰ ਤੁਹਾਡੇ ਇਲਾਕੇ ਵਿਚਲੇ ਕਿਸੇ ਵਕੀਲ ਦਾ ਨਾਂ ਅਤੇ ਨੰਬਰ ਦੇਣਗੇ। ਤੁਸੀਂ ਇਸ ਵਕੀਲ ਨਾਲ 25 ਡਾਲਰ ਜਮ੍ਹਾਂ ਟੈਕਸ ਦੇ ਕੇ ਸੰਖੇਪ ਮੀਟਿੰਗ ਕਰ ਸਕਦੇ ਹੋ। cbabc.org/For-the-Public/Lawyer-Referral-Service ਦੇਖੋ।

| | |
|---|---|
| ਗਰੇਟਰ ਵੈਨਕੂਵਰ: | 604-687-3221 |
| ਬੀ ਸੀ ਵਿਚ ਹੋਰ ਕਿਤਿਉਂ ਵੀ: | 1-800-663-1919 (ਮੁਫਤ) |

# ਐਕਸੈੱਸ ਪ੍ਰੋ ਬੋਨੋ ਸੁਸਾਇਟੀ ਔਫ ਬ੍ਰਿਟਿਸ਼ ਕੋਲੰਬੀਆ

Access Pro Bono Society of British Columbia

ਐਕਸੈੱਸ ਪ੍ਰੋ ਬੋਨੋ ਸੁਸਾਇਟੀ ਕੋਲ ਬੀ ਸੀ ਭਰ ਵਿਚ ਉਨ੍ਹਾਂ ਲੋਕਾਂ ਲਈ ਮੁਫਤ ਕਾਨੂੰਨੀ ਕਲੀਨਿਕ ਹਨ ਜਿਹੜੇ ਲੀਗਲ ਏਡ ਨਹੀਂ ਲੈ ਸਕਦੇ ਜਾਂ ਵਕੀਲ ਨਹੀਂ ਕਰ ਸਕਦੇ।

ਗਰੇਟਰ ਵੈਨਕੂਵਰ: 604-878-7400
ਬੀ ਸੀ ਵਿਚ ਹੋਰ ਕਿਤਿਉਂ ਵੀ: 1-877-762-6664 (ਮੁਫਤ)
accessprobono.ca

# ਫੈਮਿਲੀ ਲਾਅਲਾਈਨ

Family LawLINE

ਜੇ ਤੁਹਾਡੀ ਆਮਦਨ ਘੱਟ ਹੈ ਤਾਂ ਤੁਸੀਂ ਕਿਸੇ ਫੈਮਿਲੀ ਵਕੀਲ ਤੋਂ ਟੈਲੀਫੋਨ ’ਤੇ ਮੁਫਤ ਕਾਨੂੰਨੀ ਸਲਾਹ ਲੈਣ ਦੇ ਹੱਕਦਾਰ ਹੋ ਸਕਦੇ ਹੋ। ਲੀਗਲ ਏਡ ਦੇ ਕਾਲ ਸੈਂਟਰ ਨੂੰ ਫੋਨ ਕਰੋ:

ਗਰੇਟਰ ਵੈਨਕੂਵਰ: 604-408-2172
ਬੀ ਸੀ ਵਿਚ ਹੋਰ ਕਿਤਿਉਂ ਵੀ: 1-866-577-2525 (ਮੁਫਤ)

# ਜਸਟਿਸ ਐਕਸੈੱਸ ਸੈਂਟਰ

Justice Access Centres

ਜਸਟਿਸ ਐਕਸੈੱਸ ਸੈਂਟਰ (ਜੇ ਏ ਸੀਜ਼) ਨਨਾਇਮੋ, ਵੈਨਕੂਵਰ ਅਤੇ ਵਿਕਟੋਰੀਆ ਵਿਚ ਸਥਿਤ ਹਨ। ਇਨ੍ਹਾਂ ਚੀਜ਼ਾਂ ਲਈ ਸੈਂਟਰਾਂ ਵਿਚ ਜਾਉ:

- ਫੈਮਿਲੀ ਅਤੇ ਸਿਵਲ ਕੋਰਟ ਸਿਸਟਮ ਅਤੇ ਅਦਾਲਤ ਦੀਆਂ ਕਾਰਵਾਈਆਂ ਬਾਰੇ ਜਾਣਨ ਲਈ,
- ਕਾਨੂੰਨੀ ਜਾਣਕਾਰੀ ਲੈਣ ਲਈ,
- ਅਦਾਲਤ ਦੇ ਫਾਰਮ ਲੈਣ ਅਤੇ ਭਰਨ ਲਈ,
- ਇਹ ਪਤਾ ਲਾਉਣ ਲਈ ਕਿ ਮੁਫਤ ਕਾਨੂੰਨੀ ਸਲਾਹ ਕਿਵੇਂ ਲੈਣੀ ਹੈ, ਅਤੇ
- ਅਦਾਲਤ ਨੂੰ ਜਾਏ ਬਿਨਾਂ ਆਪਣੀਆਂ ਸਮੱਸਿਆਵਾਂ ਹੱਲ ਕਰਨ ਦੇ ਤਰੀਕਿਆਂ ਬਾਰੇ ਜਾਣਨ ਲਈ।

ਜ਼ਿਆਦਾ ਜਾਣਕਾਰੀ ਲਈ, www2.gov.bc.ca/gov/content/justice/about-bcs-justice-system/jac ’ਤੇ ਜਾਉ।

ਵੈਨਕੂਵਰ ਜੇ ਏ ਸੀ ਵਿਖੇ, ਤੁਸੀਂ 290 – 800 ਹੌਰਨਬੀ ਸਟਰੀਟ, ਵੈਨਕੂਵਰ, ਬੀ ਸੀ ਦੇ ਸਥਾਨ ’ਤੇ ਸਵੈ-ਮਦਦ ਅਤੇ ਜਾਣਕਾਰੀ ਦੀਆਂ ਸੇਵਾਵਾਂ ਵੀ ਦੇਖ ਸਕਦੇ ਹੋ (ਸਿਰਫ ਬਿਨਾਂ ਦੱਸੇ ਆਉਣ ਲਈ)। ਜ਼ਿਆਦਾ ਜਾਣਕਾਰੀ ਲਈ www2.gov.bc.ca/gov/content/justice/about-bcs-justice-system/jac/how-to-find-us/vancouver ਦੇਖੋ।

# ਫੈਮਿਲੀ ਜਸਟਿਸ ਕੌਂਸਲਰ
Family justice counsellors

ਫੈਮਿਲੀ ਜਸਟਿਸ ਕੌਂਸਲਰ, ਸੂਬੇ ਭਰ ਵਿਚ ਫੈਮਿਲੀ ਜਸਟਿਸ ਸੈਂਟਰਾਂ ਵਿਚ ਹੁੰਦੇ ਹਨ। ਉਹ ਤੁਹਾਨੂੰ ਸੂਬਾਈ ਅਦਾਲਤ ਦੀ ਕਾਰਵਾਈ ਅਤੇ ਫੈਮਿਲੀ ਲਾਅ (ਪਰਿਵਾਰਕ ਕਾਨੂੰਨ) ਦੇ ਮਾਮਲਿਆਂ ਬਾਰੇ ਜਾਣਕਾਰੀ ਦੇ ਸਕਦੇ ਹਨ, ਜਿਸ ਵਿਚ ਮਾਪੇਪੁਣੇ ਅਤੇ ਮਦਦ ਬਾਰੇ ਜਾਣਕਾਰੀ ਦੇਣਾ ਵੀ ਸ਼ਾਮਲ ਹਨ। ਫੈਮਿਲੀ ਜਸਟਿਸ ਕੌਂਸਲਰ ਮਤਭੇਦਾਂ ਦੇ ਹੱਲ ਕਰਨ ਦੀਆਂ ਸੇਵਾਵਾਂ ਅਤੇ ਹੋਰ ਕਮਿਉਨਟੀ ਵਸੀਲਿਆਂ ਕੋਲ ਭੇਜਣ ਦੀਆਂ ਸੇਵਾਵਾਂ ਵੀ ਦਿੰਦੇ ਹਨ। ਉਨ੍ਹਾਂ ਦੀਆਂ ਸੇਵਾਵਾਂ ਮੁਫਤ ਹਨ, ਪਰ ਤਰਜੀਹ ਘੱਟ ਆਮਦਨ ਵਾਲੇ ਲੋਕਾਂ ਨੂੰ ਦਿੱਤੀ ਜਾਂਦੀ ਹੈ।

ਸਰਵਿਸ ਬੀ ਸੀ ਨੂੰ ਫੋਨ ਕਰੋ ਅਤੇ ਓਪਰੇਟਰ ਨੂੰ ਕਹੋ ਕਿ ਉਹ ਤੁਹਾਡਾ ਫੋਨ ਨੇੜੇ ਦੇ ਫੈਮਿਲੀ ਜਸਟਿਸ ਸੈਂਟਰ ਨਾਲ ਮਿਲਾਵੇ:

| | |
|---|---|
| ਗਰੇਟਰ ਵੈਨਕੂਵਰ: | 604-660-2421 |
| ਗਰੇਟਰ ਵਿਕਟੋਰੀਆ: | 250-387-6121 |
| ਬੀ ਸੀ ਵਿਚ ਹੋਰ ਕਿਤਿਉਂ ਵੀ: | 1-800-663-7867 (ਮੁਫਤ) |
| ਟੀ ਟੀ ਵਾਈ: | 604-775-0303 (ਵੈਨਕੂਵਰ ਤੋਂ) |
| ਟੀ ਟੀ ਵਾਈ: | 1-800-661-8773 (ਬੀ ਸੀ ਹੋਰ ਕਿਤਿਉਂ ਵੀ) |

www2.gov.bc.ca/gov/content/life-events/divorce/family-justice/who-can-help/family-justice-counsellors

# ਕਮਿਊਨਟੀ
QMUNITY

ਗੇਅ, ਲੇਜ਼ਬੀਅਨ, ਬਾਇਓਸੈਕਸ਼ੂਅਲ ਅਤੇ ਟਰਾਂਸਜੈਂਡਰ ਕਮਿਉਨਟੀ ਲਈ ਜਾਣਕਾਰੀ, ਹਵਾਲੇ ਅਤੇ ਸਾਥੀ-ਮਦਦ, ਸਵੇਰ ਦੇ 10 ਵਜੇ ਤੋਂ ਸ਼ਾਮ ਦੇ 7 ਵਜੇ ਤੱਕ (ਸੋਮਵਾਰ ਤੋਂ ਸ਼ੁਕਰਵਾਰ)।

| | |
|---|---|
| ਗਰੇਟਰ ਵੈਨਕੂਵਰ: | 604-684-5307 (ਐਕਸਟੈਨਸ਼ਨ 100) |

qmunity.ca

# ਬੀ ਸੀ 211
BC211

ਇਕ ਫੋਨ ਸਰਵਿਸ ਜਿਹੜੀ ਕਮਿਉਨਟੀ, ਸਰਕਾਰ, ਅਤੇ ਸਮਾਜਿਕ ਸੇਵਾਵਾਂ ਬਾਰੇ ਮੁਫਤ ਜਾਣਕਾਰੀ ਦਿੰਦੀ ਹੈ ਅਤੇ ਉਨ੍ਹਾਂ ਕੋਲ ਭੇਜਦੀ ਹੈ।

211 (ਦਿਨ ਦੇ 24 ਘੰਟੇ)
bc211.ca

# ਫਾਇਦੇਮੰਦ ਵੈੱਬਸਾਈਟ
Useful websites

## ਫੈਮਿਲੀ ਲਾਅ ਇਨ ਬੀ ਸੀ ਵੈੱਬਸਾਈਟ
Family Law in BC website

ਲੀਗਲ ਸਰਵਿਸਿਜ਼ ਸੁਸਾਇਟੀ ਦਾ ਇਹ ਵੈੱਬਸਾਈਟ ਫੈਮਿਲੀ ਲਾਅ ਬਾਰੇ ਜਾਣਕਾਰੀ ਦਿੰਦਾ ਹੈ, ਜਿਸ ਵਿਚ ਇਹ ਜਾਣਕਾਰੀ ਵੀ ਸ਼ਾਮਲ ਹੈ:

- ਸੂਬਾਈ ਅਦਾਲਤ ਵਿਚ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਲਈ ਅਪਲਾਈ ਕਰਨ ਬਾਰੇ ਕਦਮ-ਦਰ-ਕਦਮ ਸਵੈ-ਮਦਦ ਕਰਨ ਵਾਲੀ ਗਾਈਡ,
- ਅਦਾਲਤ ਦੇ ਫਾਰਮਾਂ ਨਾਲ ਲਿੰਕ,
- ਉਨ੍ਹਾਂ ਸੰਸਥਾਵਾਂ ਅਤੇ ਲੋਕਾਂ ਨਾਲ ਲਿੰਕ ਜਿਹੜੇ ਤੁਹਾਡੀ ਮਦਦ ਕਰ ਸਕਦੇ ਹਨ, ਅਤੇ
- ਹੋਰ ਬਹੁਤ ਕੁਝ।

  familylaw.lss.bc.ca

## ਕਲਿੱਕਲਾਅ
Clicklaw

ਬ੍ਰਿਟਿਸ਼ ਕੋਲੰਬੀਅਨਾਂ ਲਈ ਕਾਨੂੰਨੀ ਜਾਣਕਾਰੀ, ਸਿੱਖਿਆ ਅਤੇ ਮਦਦ ਨਾਲ ਲਿੰਕ। ਇੱਥੇ ਤੁਸੀਂ ਆਪਣੇ ਹੱਕਾਂ ਅਤੇ ਕਾਨੂੰਨੀ ਸਮੱਸਿਆਵਾਂ ਦਾ ਹੱਲ ਕਰਨ ਲਈ ਚੋਣਾਂ ਬਾਰੇ ਜਾਣ ਸਕਦੇ ਹੋ, ਕਾਨੂੰਨ ਨਾਲ ਸੰਬੰਧਿਤ ਮਦਦ ਲਈ ਟੋਲ-ਫ੍ਰੀ ਨੰਬਰ ਲੱਭ ਸਕਦੇ ਹੋ, ਅਤੇ ਫੈਮਿਲੀ ਲਾਅ ਅਤੇ ਕਾਨੂੰਨੀ ਸਿਸਟਮ ਬਾਰੇ ਜਾਣ ਸਕਦੇ ਹੋ।

  clicklaw.bc.ca

## ਬੀ ਸੀ ਦੀ ਸਰਕਾਰ
BC Government

ਬੀ ਸੀ ਦੀ ਸਰਕਾਰ ਦੇ ਵੈੱਬਸਾਈਟ 'ਤੇ ਕਾਨੂੰਨੀ ਜਾਣਕਾਰੀ ਅਤੇ ਅਦਾਲਤ ਦੇ ਫਾਰਮਾਂ ਨਾਲ ਲਿੰਕ:

- ਸੁਪਰੀਮ ਕੋਰਟ ਲਈ www2.gov.bc.ca/gov/content/justice/courthouse-services/documents-forms-records/court-forms/sup-family-forms 'ਤੇ।
- ਸੂਬਾਈ ਅਦਾਲਤ ਲਈ www2.gov.bc.ca/gov/content/justice/courthouse-services/documents-forms-records/court-forms/prov-family-forms 'ਤੇ।

ਵਿਕਟਿਮ ਸਰਵਿਸਿਜ਼ ਬਾਰੇ ਜਾਣਕਾਰੀ www2.gov.bc.ca/gov/content/justice/criminal-justice/bcs-criminal-justice-system/if-you-are-a-victim-of-a-crime/victim-of-crime ’ਤੇ ਲੱਭੋ।

## ਬੀ ਸੀ ਦੇ ਕਾਨੂੰਨ
BC Laws

ਬੀ ਸੀ ਦੇ ਸਾਰੇ ਕਾਨੂੰਨਾਂ ਨਾਲ ਲਿੰਕ, ਸਮੇਤ ***ਫੈਮਿਲੀ ਲਾਅ ਐਕਟ*** ਦੇ।

bclaws.ca

## ਮਾਈ ਲਾਅ ਬੀ ਸੀ ਵੈੱਬਸਾਈਟ (ਲੀਗਲ ਸਰਵਿਸਿਜ਼ ਸੁਸਾਇਟੀ)
MyLawBC website (Legal Services Society)

ਸੇਧ ਦੇਣ ਵਾਲੇ ਤਰੀਕੇ ਜਿਹੜੇ ਚੁੱਕੇ ਜਾਣ ਵਾਲੇ ਕਦਮਾਂ ਦੀਆਂ ਪਲੈਨਾਂ ਤਿਆਰ ਕਰਦੇ ਹਨ ਜਿਸ ਵਿਚ ਬੁਰੇ ਵਰਤਾਉ ਅਤੇ ਪਰਿਵਾਰਕ ਹਿੰਸਾ ਤੋਂ ਬਚਣ ਬਾਰੇ ਰਾਹ ਸ਼ਾਮਲ ਹਨ।

mylawbc.com

# ਸ਼ਬਦਾਂ ਦੇ ਅਰਥ: ਜਾਣਨ ਵਾਲੇ ਕਾਨੂੰਨੀ ਸ਼ਬਦ

Glossary: Legal terms to know

## ਐਫੀਡੇਵਿਟ

Affidavit

**ਐਫੀਡੇਵਿਟ** ਇਕ ਦਸਤਾਵੇਜ਼ (ਡਾਕੂਮੈਂਟ) ਹੈ ਜਿਸ ਵਿਚ ਤੁਹਾਡੇ ਕੇਸ ਬਾਰੇ ਤੱਥ ਹੁੰਦੇ ਹਨ (ਦੂਜੇ ਸ਼ਬਦਾਂ ਵਿਚ ਤੁਹਾਡੀ ਗਵਾਹੀ)। ਬਹੁਤੀ ਵਾਰੀ, ਤੁਹਾਨੂੰ ਆਪਣੀ ਗਵਾਹੀ ਅਦਾਲਤ ਵਿਚ ਨਿੱਜੀ ਤੌਰ ’ਤੇ ਦੱਸਣ ਦੀ ਬਜਾਏ ਐਫੀਡੇਵਿਟ ਵਿਚ ਲਿਖਤੀ ਰੂਪ ਵਿਚ ਦੇਣ ਲਈ ਕਿਹਾ ਜਾਵੇਗਾ। ਤੁਹਾਨੂੰ ਸਹੁੰ ਚੁੱਕ ਕੇ ਇਹ ਕਹਿਣਾ ਪਵੇਗਾ ਕਿ ਤੁਹਾਡੇ ਐਫੀਡੇਵਿਟ ਵਿਚਲਾ ਸਬੂਤ ਸੱਚ ਹੈ। ਤੁਸੀਂ ਅਜਿਹਾ ਐਫੀਡੇਵਿਟ ਲੈਣ ਵਾਲੇ ਕਿਸੇ ਵਕੀਲ, ਨੋਟਰੀ ਪਬਲਿਕ ਜਾਂ ਕਮਿਸ਼ਨਰ ਦੇ ਅੱਗੇ ਕਰਦੇ ਹੋ ਜੋ ਤੁਹਾਨੂੰ ਦਸਖਤ ਕਰਦੇ ਦੇਖਦਾ ਹੈ ਅਤੇ ਤੁਹਾਡੇ ਐਫੀਡੇਵਿਟ ’ਤੇ ਦਸਖਤ ਕਰਦਾ ਹੈ।

## ਫੈਮਿਲੀ ਮੈਂਬਰ

Family member

ਬੀ ਸੀ ਦੇ ਕਾਨੂੰਨ ਅਧੀਨ ਕੋਈ “ਫੈਮਿਲੀ ਮੈਂਬਰ” ਹੈ:

- ਜਿਸ ਨਾਲ ਤੁਸੀਂ ਵਿਆਹੇ ਹੋਏ ਹੋ ਜਾਂ ਵਿਆਹੇ ਹੋਏ ਸੀ,
- ਜਿਸ ਨਾਲ ਤੁਸੀਂ ਕਿੰਨੇ ਵੀ ਸਮੇਂ ਤੋਂ ਵਿਆਹ ਵਰਗੇ ਸੰਬੰਧਾਂ ਵਿਚ ਰਹਿ ਰਹੇ ਹੋ ਜਾਂ ਰਹੇ ਸੀ,
- ਤੁਹਾਡੇ ਬੱਚੇ ਦਾ ਮਾਪਾ ਜਾਂ ਲੀਗਲ ਗਾਰਡੀਅਨ,
- ਉਪਰ ਲਿਖੇ ਲੋਕਾਂ ਦਾ ਕੋਈ ਰਿਸ਼ਤੇਦਾਰ ਜਿਹੜਾ ਉਨ੍ਹਾਂ ਨਾਲ ਰਹਿੰਦਾ ਹੈ,
- ਤੁਹਾਡਾ ਕੋਈ ਰਿਸ਼ਤੇਦਾਰ ਜੋ ਤੁਹਾਡੇ ਨਾਲ ਰਹਿੰਦਾ ਹੈ, ਅਤੇ
- ਤੁਹਾਡਾ ਆਪਣਾ ਬੱਚਾ।

## ਫੈਮਿਲੀ ਵਾਇਲੈਂਸ

Family violence

ਬੀ ਸੀ ਦੇ ਕਾਨੂੰਨ ਹੇਠ, “ਫੈਮਿਲੀ ਵਾਇਲੈਂਸ” ਪਰਿਵਾਰ ਦੇ ਮੈਂਬਰਾਂ ਨਾਲ ਬੁਰਾ ਵਰਤਾਉ ਹੈ, ਜਿਸ ਵਿਚ ਸ਼ਾਮਲ ਹਨ:

(ਏ) ਸਰੀਰਕ ਬੁਰਾ ਵਰਤਾਉ (ਜਿਸ ਵਿਚ ਕਮਰੇ ਅੰਦਰ ਬੰਦ ਕਰਨਾ ਜਾਂ ਖਾਣੇ ਜਾਂ ਮੁਢਲੀਆਂ ਲੋੜਾਂ ਤੋਂ ਨਾਂਹ ਕਰਨਾ ਵੀ ਸ਼ਾਮਲ ਹਨ),

(ਬੀ) ਕਾਮੁਕ ਬੁਰਾ ਵਰਤਾਉ,

(ਸੀ) ਸਰੀਰਕ ਜਾਂ ਕਾਮੁਕ ਬੁਰਾ ਵਰਤਾਉ ਕਰਨ ਦੀਆਂ ਕੋਸ਼ਿਸ਼ਾਂ,

(ਡੀ) ਦਿਮਾਗੀ ਜਾਂ ਜਜ਼ਬਾਤੀ ਬੁਰਾ ਵਰਤਾਉ, ਸਮੇਤ ਇਨ੍ਹਾਂ ਦੇ

(i) ਲੋਕਾਂ, ਪਾਲਤੂ ਜਾਨਵਰਾਂ ਜਾਂ ਪ੍ਰਾਪਰਟੀ ਦਾ ਨੁਕਸਾਨ ਕਰਨਾ ਜਾਂ ਧਮਕੀਆਂ ਦੇਣਾ,

(ii) ਨਾਵਾਜਬ ਪਾਬੰਦੀਆਂ ਲਾਉਣਾ (ਮਾਇਕ ਜਾਂ ਨਿੱਜੀ),

(iii) ਪਿੱਛਾ ਕਰਨਾ,

(iv) ਪ੍ਰਾਪਰਟੀ ਨੂੰ ਨੁਕਸਾਨ ਪਹੁੰਚਾਉਣਾ, ਅਤੇ

(ਈ) ਕਿਸੇ ਬੱਚੇ ਵਲੋਂ ਪਰਿਵਾਰਕ ਹਿੰਸਾ ਨੂੰ ਦੇਖਣਾ।

## ਪ੍ਰੋਟੈਕਸ਼ਨ ਆਰਡਰਜ਼
Protection orders

**ਪ੍ਰੋਟੈਕਸ਼ਨ ਆਰਡਰ** ਉਹ ਡਾਕੂਮੈਂਟਸ ਹਨ ਜਿਹੜੇ ਕਿਸੇ ਦੀ ਕਿਸੇ ਤੋਂ ਹਿਫਾਜ਼ਤ ਕਰਨ ਲਈ ਜੱਜ ਵਲੋਂ ਅਦਾਲਤ ਵਿਚ ਬਣਾਏ ਜਾਂਦੇ ਹਨ।

ਪ੍ਰੋਟੈਕਸ਼ਨ ਆਰਡਰ ਹੋ ਸਕਦਾ ਹੈ:

- **ਪੀਸ ਬੌਂਡ** ਜੋ ਕਿ ਜੱਜ ਵਲੋਂ ਕਰਿਮੀਨਲ ਕੋਰਟ ਵਿਚ ਬਣਾਇਆ ਜਾਂਦਾ ਹੈ। ਤੁਸੀਂ ਇਹ ਲੈਣ ਲਈ ਪੁਲੀਸ ਜਾਂ ਆਰ ਸੀ ਐੱਮ ਪੀ ਨੂੰ ਕਹਿੰਦੇ ਹੋ।
- **ਪ੍ਰੋਟੈਕਸ਼ਨ ਆਰਡਰ** ਬੀ ਸੀ ***ਫੈਮਿਲੀ ਲਾਅ ਐਕਟ*** ਅਧੀਨ ਜੱਜ ਵਲੋਂ ਫੈਮਿਲੀ ਕੋਰਟ ਵਿਚ ਬਣਾਇਆ ਜਾਂਦਾ ਹੈ। ਇਸ ਕਿਤਾਬਚੇ ਵਿਚ ਅਸੀਂ ਇਨ੍ਹਾਂ ਨੂੰ "ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰਜ਼" ਕਿਹਾ ਹੈ। ਤੁਸੀਂ ਇਹ ਲੈਣ ਲਈ ਕਿਸੇ ਵਕੀਲ ਦੀ ਮਦਦ ਨਾਲ ਜਾਂ ਮਦਦ ਬਿਨਾਂ ਅਦਾਲਤ ਕੋਲ ਅਪਲਾਈ ਕਰਦੇ ਹੋ।
- **ਨੋ ਕੌਨਟਰੈਕਟ ਆਰਡਰ** ਜੱਜ ਵਲੋਂ ਉਦੋਂ ਕਰਿਮੀਨਲ ਕੋਰਟ ਵਿਚ ਬਣਾਇਆ ਜਾਂਦਾ ਹੈ ਜਦੋਂ ਕਿਸੇ ਵਿਅਕਤੀ ਦੀ ਜ਼ਮਾਨਤ ਕੀਤੀ ਜਾਂਦੀ ਹੈ ਜਾਂ ਕਿਸੇ ਮੁਜਰਮਾਨਾ ਜੁਰਮ ਲਈ ਸਜ਼ਾ ਦਿੱਤੀ ਜਾਂਦੀ ਹੈ। ਜ਼ਿਆਦਾ ਜਾਣਕਾਰੀ ਲਈ, ਲੀਗਲ ਸਰਵਿਸਿਜ਼ ਸੁਸਾਇਟੀ ਦੀ ਔਨਲਾਈਨ ਤੱਥ ਸ਼ੀਟ ***ਜੇ ਤੁਹਾਡੇ ਖਿਲਾਫ ਕੋਈ ਸੰਪਰਕ ਨਹੀਂ ਦਾ ਆਰਡਰ ਕੀਤਾ ਜਾਂਦਾ ਹੈ*** *(If You Have a No Contact Order Made Against You)* ਦੇਖੋ ਜੋ ਕਿ legalaid.bc.ca/read ’ਤੇ ਉਪਲਬਧ ਹੈ।

## ਸਰਵ
Serve

ਅਦਾਲਤ ਨੂੰ ਅਰਜ਼ੀ ਕਰਨ ਵੇਲੇ, ਤੁਹਾਡੇ ਤੋਂ ਅਕਸਰ ਸ਼ਾਮਲ ਦੂਜੇ ਵਿਅਕਤੀ ਨੂੰ ਅਦਾਲਤ ਦੇ ਪੇਪਰ **ਪਹੁੰਚਾਉਣ (ਸਰਵ)** ਕਰਨ ਦੀ ਮੰਗ ਕੀਤੀ ਜਾਂਦੀ ਹੈ। ਇਸ ਦਾ ਮਤਲਬ ਹੈ ਕਿ ਤੁਹਾਡੇ ਲਈ ਉਸ ਨੂੰ ਪੇਪਰ ਪਹੁੰਚਾਉਣਾ ਜ਼ਰੂਰੀ ਹੈ।

- ਤੁਹਾਨੂੰ **ਨਿੱਜੀ ਸਰਵਿਸ** ਰਾਹੀਂ ਪੇਪਰ ਪਹੁੰਚਾਉਣੇ ਪੈ ਸਕਦੇ ਹਨ। ਇਸ ਦਾ ਮਤਲਬ ਹੈ ਕਿ ਕਿਸੇ ਲਈ ਨਿੱਜੀ ਤੌਰ ’ਤੇ ਉਸ ਵਿਅਕਤੀ

ਨੂੰ ਪੇਪਰ ਦੇਣਾ ਜ਼ਰੂਰੀ ਹੈ ਜਿਸ ਨੂੰ ਇਹ ਪ੍ਰਾਪਤ ਕਰਨ ਦੀ ਲੋੜ ਹੈ। ਤੁਸੀਂ ਇਹ ਆਪ ਨਹੀਂ ਕਰ ਸਕਦੇ — ਇਹ ਕਰਨ ਲਈ ਤੁਹਾਡੇ ਕੋਲ ਕੋਈ ਅਜਿਹਾ ਵਿਅਕਤੀ ਹੋਣਾ ਜ਼ਰੂਰੀ ਹੈ ਜਿਸ ਦੀ ਉਮਰ ਘੱਟੋ ਘੱਟ 19 ਸਾਲ ਹੈ।

- ਤੁਸੀਂ ਕੁਝ ਪੇਪਰ **ਡਲਿਵਰੀ** ਨਾਲ ਸਰਵ ਕਰ ਸਕਦੇ ਹੋ (ਇਸ ਨੂੰ ਸੁਪਰੀਮ ਕੋਰਟ ਵਿਚ **ਔਰਡੀਨਰੀ ਸਰਵਿਸ** ਆਖਿਆ ਜਾਂਦਾ ਹੈ)। ਇਸ ਦਾ ਮਤਲਬ ਹੈ ਕਿ ਪੇਪਰ ਦੂਜੇ ਵਿਅਕਤੀ ਦੇ ਘਰ ਦਿੱਤੇ ਜਾ ਸਕਦੇ ਹਨ, ਡਾਕ, ਫੈਕਸ ਜਾਂ ਈਮੇਲ ਰਾਹੀਂ ਭੇਜੇ ਜਾ ਸਕਦੇ ਹਨ।

## ਸਪਾਉਸ
Spouse

ਬੀ ਸੀ ਦੇ ਕਾਨੂੰਨ ਅਧੀਨ ਆਮ ਤੌਰ 'ਤੇ "ਸਪਾਉਸ" ਹੈ:

- ਜਿਸ ਨਾਲ ਤੁਸੀਂ ਵਿਆਹੇ ਹੋਏ ਹੋ ਜਾਂ ਵਿਆਹੇ ਹੋਏ ਸੀ;
- ਜਿਸ ਨਾਲ ਤੁਸੀਂ ਦੋ ਜਾਂ ਜ਼ਿਆਦਾ ਸਾਲਾਂ ਲਈ ਵਿਆਹ ਵਰਗੇ ਸੰਬੰਧਾਂ ਵਿਚ ਰਹਿ ਰਹੇ ਹੋ ਜਾਂ ਰਹੇ ਸੀ (ਇਸ ਨੂੰ ਅਕਸਰ "ਕੌਮਨ-ਲਾਅ" ਸਪਾਉਸ ਆਖਿਆ ਜਾਂਦਾ ਹੈ); ਜਾਂ
- ਜਿਸ ਨਾਲ ਤੁਸੀਂ ਦੋ ਸਾਲ ਤੋਂ ਘੱਟ ਸਮੇਂ ਲਈ ਵਿਆਹ ਵਰਗੇ ਸੰਬੰਧਾਂ ਵਿਚ ਰਹਿ ਰਹੇ ਹੋ ਜਾਂ ਰਹੇ ਸੀ ਪਰ ਜੋ ਤੁਹਾਡੇ ਬੱਚੇ ਦਾ ਦੂਜਾ ਮਾਪਾ ਹੈ।

ਸਪਾਉਸ ਵਿਰੋਧੀ ਸੈਕਸ ਜਾਂ ਸੇਮ ਸੈਕਸ ਦਾ ਹੋ ਸਕਦਾ ਹੈ। (ਇਹ ਗੱਲ ਨੋਟ ਕਰੋ ਕਿ ਪ੍ਰਾਪਰਟੀ ਅਤੇ ਪੈਨਸ਼ਨਾਂ ਦੇ ਕੁਝ ਮਾਮਲਿਆਂ ਲਈ ਸਪਾਉਸ ਦੀ ਪ੍ਰੀਭਾਸ਼ਾ ਜ਼ਿਆਦਾ ਸੀਮਤ ਹੈ।)

ਇਸ ਕਿਤਾਬਚੇ ਵਿਚ ਅਸੀਂ "ਸਪਾਉਸ" ਦੇ ਮਤਲਬ ਲਈ ਸ਼ਬਦ "ਪਾਰਟਨਰ" ਵਰਤਿਆ ਹੈ, ਪਰ ਇਹ ਸ਼ਬਦ ਅੱਗੇ ਲਿਖਿਆਂ ਨੂੰ ਸ਼ਾਮਲ ਕਰਨ ਲਈ ਵੀ ਵਰਤਿਆ ਹੈ:

- ਕੋਈ ਵਿਅਕਤੀ ਜਿਸ ਨਾਲ ਤੁਸੀਂ ਕਿੰਨੇ ਸਮੇਂ ਲਈ ਵੀ ਵਿਆਹ ਵਰਗੇ ਸੰਬੰਧਾਂ ਵਿਚ ਰਹੇ ਹੋ, ਅਤੇ
- ਕੋਈ ਵਿਅਕਤੀ ਜਿਸ ਨਾਲ ਤੁਸੀਂ ਕਦੇ ਵੀ ਨਹੀਂ ਰਹੇ ਪਰ ਜੋ ਤੁਹਾਡੇ ਬੱਚੇ ਦਾ ਮਾਪਾ ਹੈ।

## ਸਵੇਅਰ
Swear

ਟੂ **ਸਵੇਅਰ** ਦਾ ਮਤਲਬ ਇਹ ਸਹੁੰ ਚੁੱਕਣਾ ਹੈ ਕਿਸੇ ਐਫੀਡੇਵਿਟ ਵਿਚਲੀ ਸਾਮੱਗਰੀ ਜਾਂ ਅਦਾਲਤ ਵਿਚ ਦਿੱਤੇ ਗਏ ਬਿਆਨ ਤੁਹਾਡੇ ਪੂਰੇ ਗਿਆਨ ਅਤੇ ਯਕੀਨ ਮੁਤਾਬਕ ਸੱਚੇ ਹਨ। ਇਕ ਗੈਰ-ਧਾਰਮਿਕ ਬਦਲ **ਅਫਰਮ** (ਤਸਦੀਕ) ਕਰਨਾ ਹੈ। ਤੁਸੀਂ ਕਿਸੇ ਵਕੀਲ, ਨੋਟਰੀ ਪਬਲਿਕ, ਐਫੀਡੇਵਿਟ ਲੈਣ ਵਾਲੇ ਕਮਿਸ਼ਨਰ ਅੱਗੇ, ਜਾਂ ਜੇ ਅਦਾਲਤ ਵਿਚ ਬਿਆਨ ਦੇ ਰਹੇ ਹੋਵੋ ਤਾਂ ਜੱਜ ਅੱਗੇ ਪੇਪਰਾਂ ਬਾਰੇ ਸਹੁੰ ਖਾਂਦੇ ਜਾਂ ਤਸਦੀਕ ਕਰਦੇ ਹੋ।

# ਨੋਟ

ਆਪਣੇ ਇਲਾਕੇ ਵਿਚ ਮਦਦ ਲਈ, ਫੋਨ ਕਰੋ:

______________________________

## *ਤੁਹਾਡੀ ਹਿਫਾਜ਼ਤ ਲਈ: ਪੀਸ ਬੌਂਡ ਅਤੇ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ* ਕਿਵੇਂ ਲੈਣੀ ਹੈ

How to get *For Your Protection: Peace Bonds and Family Law Protection Orders*

**ਮਨਿਸਟਰੀ ਔਫ ਪਬਲਿਕ ਸੇਫਟੀ ਐਂਡ ਸੋਲਿਸਟਰ ਜਨਰਲ**
(Ministry of Public Safety and Solicitor General)
ਕਮਿਊਨਟੀ ਸੇਫਟੀ ਐਂਡ ਕਰਾਇਮ ਪ੍ਰੀਵੈਨਸ਼ਨ ਬਰਾਂਚ
(Community Safety and Crime Prevention Branch )
302 – 815 Hornby Street
Vancouver, BC V6Z 2E6
ਫੋਨ: 604-660-5199
ਫੈਕਸ: 604-660-1635
ਈ–ਮੇਲ: victimservices@gov.bc.ca

### ਇਹ ਅਤੇ ਹੋਰ ਲਿਖਤਾਂ ਆਰਡਰ ਕਰਨ ਲਈ:

crownpub.bc.ca
("Quick Links" ਹੇਠ, "BC Public Legal Education & Information" 'ਤੇ ਕਲਿੱਕ ਕਰੋ)

### ਲਿਖਤਾਂ ਆਰਡਰ ਕਰਨ ਬਾਰੇ ਸਵਾਲ ਹਨ?

604-601-6000
distribution@lss.bc.ca

### ਪੜ੍ਹੋ:

legalaid.bc.ca/read

***ਤੁਹਾਡੀ ਹਿਫਾਜ਼ਤ ਲਈ: ਪੀਸ ਬੌਂਡ ਅਤੇ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ*** ਅੰਗਰੇਜ਼ੀ, ਫਰੈਂਚ (ਸਿਰਫ ਔਨਲਾਈਨ), ਪੰਜਾਬੀ, ਸਿੰਪਲੀਫਾਇਡ ਚਾਇਨੀਜ਼ ਅਤੇ ਟ੍ਰਾਡੀਸ਼ਨਲ ਚਾਇਨੀਜ਼ ਵਿਚ ਮਿਲਦੀ ਹੈ।

**@BCGovNews**
**@legalaidbc**